Space for Available for Advertising
WWW.PREETNEWS.COM
WWW.PREETNAMA.COM
preetnamausa @gmail.com

ਨਿਊਯਾਰਕ

# ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ

Online and Print Media +1 201-312-4180 +1 917-328-8436

**ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ**

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 349, 10 ਅਪ੍ਰੈਲ ਤੋਂ 16 ਅਪ੍ਰੈਲ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com



# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349 | Website: www.preetnama.com Email preetnamausa@gmail.com | 10 APRIL TO 16 APRIL, 2026




ਵੈਸਾਖੁ ਭਲਾ ਸਾਖਾ ਵੇਸ ਕਰੇ।। ਧਨ ਦੇਖੈ ਹਰਿ ਦੁਆਰਿ ਆਵਹੁ ਦਾਇਆ ਕਰੇ।।

# ਖਾਲਸਾ ਸਾਜਨਾ ਦਿਵਸ ਵਿਸਾਖੀ

## ਦੀਆਂ ਸਮੂਹ ਸਾਧ ਸੰਗਤ ਨੂੰ ਲੱਖ ਲੱਖ ਵਧਾਈਆਂ ਹੋਵਣ ਜੀ



**ਐਡਵੋਕੇਟ ਕਸ਼ਮੀਰ ਸਿੰਘ**
(ਸਰਪ੍ਰਸਤ)

**ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਨਿਊਯਾਰਕ**

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349

Website: www.preetnama.com Email preetnamausa@gmail.com

10 APRIL TO 16 APRIL, 2026




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349 | Website: www.preetnama.com Email preetnamausa@gmail.com | 10 APRIL TO 16 APRIL, 2026





ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥

# ਖਾਲਸਾ ਸਾਜਨਾ ਦਿਵਸ ਵਿਸਾਖੀ



ਦੀਆਂ ਸਮੂਹ ਸਾਧ
ਸੰਗਤ ਨੂੰ ਲੱਖ ਲੱਖ
ਵਧਾਈਆਂ ਹੋਵਣ ਜੀ

## ਅਮਰਜੀਤ ਸਿੰਘ ਬੇਗੋਵਾਲ
(ਮੈਂਬਰ)

ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਨਿਊਯਾਰਕ

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349

Website: www.preetnama.com Email preetnamausa@gmail.com

10 APRIL TO 16 APRIL, 2026



PREETNAMA ਪ੍ਰੀਤਨਾਮਾ ਖਰਾ ਸੱਚ

# Preetnama

PREETNAMA ONLINE AND PRINT MEDIA KHARA SACH CHIEF EDITOR : PRITPAL KAUR +1 201-312-4180 Preetnama TV

## is a leading International Media Company.

Publishing a renowned newspaper in three language and operations a prominent TV channel.
With a global reach and diverse audience, Preetnama Provides in dept coverage of Current Events,
News, and Analysis, Catering to a broad spectrum of interests and persp.
Preetnama TV Provides you best services.

**We promote your business worldwide.**
**We promote and do coverage all Kind Events.**



Preetnama
ਪ੍ਰੀਤਨਾਮਾ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 330
Website: www.preetnama.com Email preetnamausa@gmail.com
28 NOV TO 04 DEC, 2025

Sheikh Hasina's death sentence: India's new challenge in South Asian diplomacy

Bangladesh's judicial crisis and India's diplomatic balance
Analysis of the new equations emerging in South Asian politics after the death sentence awarded to Sheikh Hasina



Space for Available for Advertising
WWW.PREETNEWS.COM
WWW.PREETNAMA.COM
preetnamausa @gmail.com
ਨਿਊਯਾਰਕ
ਪ੍ਰੀਤਨਾਮਾ
ਖਰਾ ਸੱਚ
Online and Print Media +1 201-312-4180 +1 917-328-8436

ਮੋਦੀ ਸਰਕਾਰ ਦੇ ਪੰਜਾਬ ਬਾਰੇ ਫੈਸਲੇ ਵਿਵਾਦਾਂ ਤੋਂ ਬਾਅਦ ਹੋ ਰਹੇ ਨੇ ਵਾਪਿਸ, ਕੀ ਭਾਜਪਾ ਸੂਬੇ ਨੂੰ ਸਮਝਣ 'ਚ ਚੂਕ ਕਰ ਰਹੀ ਹੈ ?

## Pritpal Kaur (CEO and Founder)

001 (201) 312 4180

Email: Preetnamausa@gmail.com,
www.preetnama.com www.preetnews.com

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349

Website: www.preetnama.com Email preetnamausa@gmail.com

10 APRIL TO 16 APRIL, 2026




# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349

Website: www.preetnama.com Email preetnamausa@gmail.com

10 APRIL TO 16 APRIL, 2026




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349 | Website: www.preetnama.com Email preetnamausa@gmail.com | 10 APRIL TO 16 APRIL, 2026




# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349 | Website: www.preetnama.com Email preetnamausa@gmail.com | 10 APRIL TO 16 APRIL, 2026





ਵੈਸਾਖੁ ਭਲਾ ਸਾਖਾ ਵੇਸ ਕਰੇ ॥ ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥

ਖਾਲਸਾ ਸਾਜਨਾ ਦਿਵਸ ਵਿਸਾਖੀ



ਦੀਆਂ ਸਮੂਹ ਸਾਧ ਸੰਗਤ ਨੂੰ
ਲੱਖ ਲੱਖ ਵਧਾਈਆਂ ਹੋਵਣ ਜੀ

ਦਲਜੀਤ ਸਿੰਘ ਟਾਹਲੀ
(ਮੈਂਬਰ)

ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ,ਨਿਊਯਾਰਕ

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349

Website: www.preetnama.com Email preetnamausa@gmail.com

10 APRIL TO 16 APRIL, 2026





# ਖਾਲਸਾ ਪੰਥ ਦੇ ਮਹਾਨ ਦਿਹਾੜੇ



## ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ

## ਦੀਆਂ ਲੱਖ ਲੱਖ ਵਧਾਈਆਂ ਹੋਵਣ ਜੀ

## ਹਰਜੀਤ ਸਿੰਘ ਬੇਗੋਵਾਲ

(ਸਰਪ੍ਰਸਤ)

## ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਨਿਊਯਾਰਕ

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349

Website: www.preetnama.com Email preetnamausa@gmail.com

10 APRIL TO 16 APRIL, 2026





ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨੀ ॥

# ਖਾਲਸਾ ਸਾਜਨਾ ਦਿਵਸ ਵਿਸਾਖੀ

ਦੀਆਂ ਸਮੂਹ ਸਾਧ
ਸੰਗਤ ਨੂੰ ਲੱਖ ਲੱਖ
ਵਧਾਈਆਂ ਹੋਵਣ ਜੀ



## ਇੰਦਰਜੀਤ ਸਿੰਘ ਜੇਦ

ਕੈਸ਼ੀਅਰ

ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਨਿਊਯਾਰਕ

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349 | Website: www.preetnama.com Email preetnamausa@gmail.com | 10 APRIL TO 16 APRIL, 2026



# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349 | Website: www.preetnama.com Email preetnamausa@gmail.com | 10 APRIL TO 16 APRIL, 2026





ਵਿਸਾਖੁ ਧੀਰਨਿ ਕਿਉ ਵਾਢਿਆ ਜਿਨਾ ਪ੍ਰੇਮ ਬਿਛੋਹੁ ॥

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ

ਦੀਆਂ ਆਪ ਸਭ ਨੂੰ
ਲੱਖ ਲੱਖ ਵਧਾਈਆਂ ਹੋਵਣ ਜੀ



ਕਰਨੈਲ ਸਿੰਘ ਰਾਵਾ
ਮੈਂਬਰ

ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਨਿਊਯਾਰਕ

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349 | Website: www.preetnama.com Email preetnamausa@gmail.com | 10 APRIL TO 16 APRIL, 2026




ਵਿਸਾਖੁ ਧੀਰਨਿ ਕਿਉ ਵਾਢਿਆ ਜਿਨਾ ਪ੍ਰੇਮ ਬਿਛੋਹੁ ॥

# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ

ਦੀਆਂ ਆਪ ਸਭ ਨੂੰ
ਲੱਖ ਲੱਖ ਵਧਾਈਆਂ ਹੋਵਣ ਜੀ



ਲਖਵਿੰਦਰ ਸਿੰਘ ਕੈਸ਼ੀਅਰ

ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਨਿਊਯਾਰਕ

# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349 | Website: www.preetnama.com Email preetnamausa@gmail.com | 10 APRIL TO 16 APRIL, 2026



ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ



## ਆਪ ਸਭ ਨੂੰ ਲੱਖ ਲੱਖ ਵਧਾਈਆਂ

ਮਹਿੰਦਰ ਸਿੰਘ ਪੁਰੋਜ ਸੰਗੋਵਾਲ
ਸਕੱਤਰ

ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਨਿਊਯਾਰਕ

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349 | Website: www.preetnama.com Email preetnamausa@gmail.com | 10 APRIL TO 16 APRIL, 2026




## ਖਾਲਸਾ ਪੰਥ ਦੇ ਮਹਾਨ ਦਿਹਾੜੇ

## ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ



## ਦੀਆਂ ਲੱਖ ਲੱਖ ਵਧਾਈਆਂ ਹੋਵਣ ਜੀ

**ਮਾਸਟਰ ਹਰਦੇਵ ਸਿੰਘ**

(ਲੀਗਲ ਐਡਵਾਈਜ਼ਰ)

**ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਨਿਊਯਾਰਕ**

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349

Website: www.preetnama.com Email preetnamausa@gmail.com

10 APRIL TO 16 APRIL, 2026




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349

Website: www.preetnama.com Email preetnamausa@gmail.com

10 APRIL TO 16 APRIL, 2026




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349

Website: www.preetnama.com Email preetnamausa@gmail.com

10 APRIL TO 16 APRIL, 2026




# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349 | Website: www.preetnama.com Email preetnamausa@gmail.com | 10 APRIL TO 16 APRIL, 2026






## ਖਾਲਸਾ ਪੰਥ ਦੇ ਮਹਾਨ ਦਿਹਾੜੇ

## ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ

## ਦੀਆਂ ਲੱਖ ਲੱਖ
## ਵਧਾਈਆਂ ਹੋਵਣ ਜੀ





## ਰਸ਼ਪਾਲ ਸਿੰਘ ਬਰਿਆਰਾ
(ਪ੍ਰਧਾਨ)

## ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ,ਨਿਊਯਾਰਕ

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach


On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349

Website: www.preetnama.com Email preetnamausa@gmail.com

10 APRIL TO 16 APRIL, 2026

# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349 | Website: www.preetnama.com Email preetnamausa@gmail.com | 10 APRIL TO 16 APRIL, 2026




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349

Website: www.preetnama.com Email preetnamausa@gmail.com

10 APRIL TO 16 APRIL, 2026





# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 349 | Website: www.preetnama.com Email preetnamausa@gmail.com | 10 APRIL TO 16 APRIL, 2026




ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥




## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ

## ਆਪ ਸਭ ਨੂੰ ਲੱਖ ਲੱਖ ਵਧਾਈਆਂ

ਸਰਬਜੀਤ ਸਿੰਘ ਟਿੰਕੂ
ਮੈਂਬਰ

## ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਨਿਊਯਾਰਕ




# ਚੱਲ ਨੀ ਪਰੇਮੀਏ ! ਵਿਸਾਖੀ ਚੱਲੀਏ

ਵਿਸਾਖੀ ਦਾ ਤਿਉਹਾਰ ਪੰਜਾਬ ਦਾ ਇੱਕ ਮਹੱਤਵਪੂਰਨ ਤਿਉਹਾਰ ਹੈ ਜਿਸ ਦੀ ਆਪਣੀ ਹੀ ਵਿਲੱਖਣ ਇਤਿਹਾਸਕ ਅਤੇ ਧਾਰਮਿਕ ਮਹੱਤਤਾ ਹੈ ।ਇਹ ਪੰਜਾਬ ਦੇ ਆਰਥਿਕ ਪੱਖ ਅਤੇ ਸਭਿਆਚਾਰ ਨਾਲ ਵੀ ਜੁੜਿਆ ਹੋਇਆ ਤਿਉਹਾਰ ਹੈ।÷ ਵਿਸਾਖੀ÷ ਸ਼ਬਦ ਦੋ ਸ਼ਬਦਾਂ ਦੇ ਜੋੜ ਤੋਂ ਬਣਿਆ ਹੈ। 'ਵੈ' ਦਾ ਅਰਥ ਹੈ ਵਿਸ਼ੇਸ਼ ਅਤੇ 'ਸਾਖ' ਦਾ ਅਰਥ ਹੈ ਟਾਹਣੀ,ਫਸਲ, ਜਿਨਸ ਜਾਂ ਸੰਤਾਨ।ਕਈ ਰਾਜਾਂ ਵਿਚ ਇਹ ਬੈਸਾਖੀ ਦੇ ਨਾਂ ਨਾਲ ਮਨਾਇਆ ਜਾਂਦਾ ਹੈ। ਵਿਸਾਖੀ ਦਾ ਮੁੱਖ ਸਬੰਧ ਕਣਕ ਦੀ ਫਸਲ ਨਾਲ ਹੈ ।ਇਸ ਦੇ ਪੱਕਣ 'ਤੇ ਘਰ ਵਿੱਚ ਆ ਜਾਣ ਦੀ ਖੁਸ਼ੀ ਵਿੱਚ ਇਹ ਤਿਉਹਾਰ ਮਨਾਇਆ ਜਾਂਦਾ ਹੈ ।ਇਹ ਵੀ ਮੰਨਿਆ ਜਾਂਦਾ ਹੈ ਕਿ ਵਿਸਾਖ ਮਹੀਨੇ ਦਾ ਨਾਮ ਵਿਸਾਖਾ ਨਛੱਤਰ ਤੋਂ ਰੱਖਿਆ ਗਿਆ ਹੈ ।ਵਿਸਾਖਾ 27 ਨਛੱਤਰਾਂ ਵਿੱਚੋਂ ਸੋਲਵਾਂ ਨਛੱਤਰ ਹੈ।ਪੁਰਾਤਨ ਗਰੰਥਾਂ ਅਨੁਸਾਰ ਸਾਰੇ ਨਛੱਤਰਾਂ ਵਿੱਚੋਂ ਵਿਸਾਖਾ ਨਛੱਤਰ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਇਸ ਲਈ ਖੁਸ਼ੀ ਮਨਾਉਣ ਲਈ ਇਹੀ ਖਾਸ ਦਿਨ ਚੁਣਿਆ ਗਿਆ ਸੀ ।ਇਸ ਦਿਨ ਬਿਕ੍ਰਮੀ ਸੰਮਤ ਦਾ ਨਵਾਂ ਸਾਲ ਆਰੰਭ ਹੁੰਦਾ ਹੈ। ਵਪਾਰੀ ਲੋਕ ਇਸ ਦਿਨ ਨਵੇਂ ਸਾਲ ਦੀ ਸ਼ੁਰੂਆਤ ਕਰਦੇ ਹੋਏ ਨਵੇਂ ਵਹੀ ਖਾਤੇ ਖੋਲ੍ਹਦੇ ਹਨ ।ਇਹ ਵਿਸਾਖ ਮਹੀਨੇ ਦਾ ਪਹਿਲਾ ਦਿਨ ਸੰਗਰਾਂਦ ਦਾ ਦਿਹਾੜਾ ਹੁੰਦਾ ਹੈ। ਇਹਨਾਂ ਸਭ ਕਾਰਨਾਂ ਕਰਕੇ ਇਸ ਤਿਉਹਾਰ ਦੀ ਧਾਰਮਿਕ ਪੱਖੋਂ ਵਿਸ਼ੇਸ਼ਤਾ ਬਹੁਤ ਜ਼ਿਆਦਾ ਹੈ। ਮਾਘੀ ਵਾਂਗ ਇਸ ਦਿਨ ਵੀ ਪਵਿੱਤਰ ਸਰੋਵਰਾਂ ਤੇ ਇਸ਼ਨਾਨ ਦੀ ਖਾਸ ਮਹੱਤਤਾ ਹੈ।

ਦਾਣਿਆਂ ਨਾਲ ਭਰੀਆਂ ,ਝੁਕੀਆਂ ਹੋਈਆਂ ਬੱਲੀਆਂ ਜਿਵੇਂ ਝੁਕ ਕੇ ਕਿਸਾਨ ਨੂੰ ਸਲਾਮ ਕਰ ਰਹੀਆਂ ਹੋਣ। ਸੋਨੇ ਰੰਗੀਆਂ ਫ਼ਸਲਾਂ ਵਿਸਾਖ ਮਹੀਨੇ ਵਿੱਚ ਖੇਤਾਂ ਵਿੱਚ ਲਹਿਲਹਾਉਂਦੀਆਂ ਜਿਵੇਂ ਉਸ ਦੀ ਮਿਹਨਤ ਨੂੰ ਸਜਦਾ ਕਰਦੀਆਂ ਹੋਈਆਂ ਖੁਸ਼ੀ ਵਿੱਚ ਝੂਮ ਰਹੀਆਂ ਹੋਣ। ਖੇਤਾਂ ਦੇ ਕਿਨਾਰੇ ਖੜ੍ਹੇ ਹੋ ਕੇ ਨਜ਼ਰ ਮਾਰੀਏ ਤਾਂ ਇੰਝ ਲੱਗਦਾ ਹੈ ਜਿਵੇਂ ਧਰਤੀ ਤੇ ਸੋਨੇ ਦੀ ਚਾਦਰ ਵਿਛਾ ਦਿੱਤੀ ਹੋਵੇ ।ਅੱਸੂ ਮਹੀਨੇ ਵਿੱਚ ਬੀਜੀ ਕਣਕ ਨੂੰ ਕਿਸਾਨ ਨੇ ਪੁੱਤਾਂ ਵਾਂਗ ਪਾਲਿਆ ਹੁੰਦਾ ਹੈ ।ਜਿਸ ਨੂੰ ਦੇਖ ਦੇਖ ਕੇ ਉਸ ਦਾ ਸੀਨਾ ਚੌੜਾ ਹੁੰਦਾ ਹੈ ।ਇਹੀ ਸਮਾਂ ਹੁੰਦਾ ਹੈ ਜਦ ਉਸ ਨੇ ਸ਼ਾਹਾਂ ਤੋਂ ਲਏ ਕਰਜ਼ੇ ਮੋੜਨੇ ਹੁੰਦੇ ਹਨ, ਅਗਲੀ ਫਸਲ ਬੀਜਣ ਦਾ ਬਜਟ,ਘਰ ਦੇ ਸਾਰੇ ਕਾਰਜਾਂ ਲਈ ਭਵਿੱਖ ਦੀਆਂ ਯੋਜਨਾਵਾਂ ਤੇ ਹੋਰ ਪਤਾ ਨਹੀਂ ਕਿੰਨੀਆਂ ਆਸਾਂ ਦੇ ਦੀਪ ਮਨ ਵਿੱਚ ਜਗਾਏ ਹੁੰਦੇ ਹਨ। ਧਨੀ ਰਾਮ ਚਾਤ੍ਰਿਕ ਨੇ ਵੀ ਇਸ ਨਾਲ ਸਬੰਧਤ ਦਿ ?ਸ਼ ਦਾ ਇੰਝ ਵਰਨਣ ਕੀਤਾ ਹੈ:-

**ਪੱਕ ਪਈਆਂ ਕਣਕਾਂ, ਲੁਕਾਠ ਰੱਸਿਆ,**
**ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ ।**
**ਬਾਗ਼ਾਂ ਉੱਤੇ ਰੰਗ ਫੇਰਿਆ ਬਹਾਰ ਨੇ,**
**ਬੇਰੀਆਂ ਲਿਫਾਈਆਂ ਟਹਿਣੀਆਂ ਦੇ ਭਾਰ ਨੇ ।**
**ਪੁੰਗਰੀਆਂ ਵੱਲਾਂ, ਵੇਲਾਂ ਰੁੱਖੀਂ ਚੜ੍ਹੀਆਂ,**
**ਫੁੱਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ ।**
**ਸਾਈਂ ਦੀ ਨਿਗਾਹ ਜੱਗ ਤੇ ਸਵੱਲੀ ਏ,**
**ਚੱਲ ਨੀ ਪਰੇਮੀਏਂ ! ਵਿਸਾਖੀ ਚੱਲੀਏ ।**

30 ਮਾਰਚ 1699 ਨੂੰ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਪਾਹੁਲ ਖੰਡੇ ਵਾਲ ?ਾ ਅੰਮ੍ਰਿਤ ਛਕਾ ਕੇ ਪੰਜ ਪਿਆਰੇ ਸਾਜ ਕੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਅਸਲ ਵਿੱਚ ਵਿਸਾਖੀ ਬਾਰੇ 30 ਮਾਰਚ ਅਤੇ 13 ਅਪ੍ਰੈਲ ਦੀਆਂ ਤਰੀਕਾਂ ਦਾ ਇਤਿਹਾਸ ਇਸ ਤਰ੍ਹਾਂ ਹੈ ਕਿ ਬਰਤਾਨੀਆ ਹਕੂਮਤ ਵਲੋਂ ਸਤੰਬਰ 1752 ਈ: ( 2ਸਤੰਬਰ ਤੋਂ ਬਾਅਦ ਸਿੱਧਾ 13ਸਤੰਬਰ ਤਰੀਕ ਮਿਥੀ ਗਈ) ਵਿੱਚ ਗ੍ਰੈਗੋਰੀਅਨ ਕਲੰਡਰ ਲਾਗੂ ਹੋਣ ਕਰਕੇ ਗਿਆਰਾਂ ਦਿਨ ਦਾ ਫ਼ਰਕ ਪਾ ਦਿੱਤਾ ਗਿਆ ਸੀ ਜਿਸ ਕਰਕੇ 1753 ਦੀ ਵਿਸਾਖੀ 9 ਅਪ੍ਰੈਲ ਅਤੇ ਉਸ ਤੋਂ ਬਾਅਦ ਦਿਨਾਂ ਦੇ ਅੰਤਰ ਹੋਣ ਕਰਕੇ 10 ਜਾਂ 11 ਅਪ੍ਰੈਲ ਨੂੰ ਮਨਾਈ ਜਾਂਦੀ ਰਹੀ ਸੀ। ਸਭ ਤੋਂ ਪਹਿਲਾਂ ਵਿਸਾਖੀ 13 ਅਪ੍ਰੈਲ ਨੂੰ 1919 ਵਿੱਚ ਮਨਾਈ ਗਈ ਸੀ ।ਉਸ ਤੋਂ ਬਾਅਦ ਹੁਣ ਤੱਕ 13 ਜਾਂ 14 ਅਪ੍ਰੈਲ ਨੂੰ ਮਨਾਈ ਜਾਂਦੀ ਹੈ।

ਵਿਸਾਖੀ ਦੇ ਪਵਿੱਤਰ ਦਿਹਾੜੇ ਤੇ 13 ਅਪ੍ਰੈਲ 1919 ਦੀ ਸ਼ਾਮ ਨੂੰ ਅੰਮ੍ਰਿਤਸਰ ਦੇ ਜਲ੍ਹਿਆਂ ਵਾਲੇ ਬਾਗ ਵਿੱਚ ਇਕੱਠੇ ਹੋਏ ਹਜ਼ਾਰਾਂ ਨਿਹੱਥੇ ਲੋਕਾਂ ਨੂੰ ਜਨਰਲ ਡਾਇਰ ਨੇ ਗੋਲੀ ਦਾ ਨਿਸ਼ਾਨਾ ਬਣਾਇਆ। ਇਸ ਅੱਤਿਆਚਾਰ ਦੇ ਸਿੱਟੇ ਵਜੋਂ ਸੈਂਕੜੇ ਬੱਚੇ, ਬੁੱਢੇ, ਔਰਤਾਂ ਅਤੇ ਜਵਾਨ ਸ਼ਹੀਦ ਹੋ ਗਏ ।ਵਿਸਾਖੀ ਦੇ ਦਿਨ ਹਰ ਸਾਲ ਇਹਨਾਂ ਸ਼ਹੀਦਾਂ ਨੂੰ ਯਾਦ ਕਰਦਿਆਂ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਂਦੀ ਹੈ।

ਵਿਸਾਖੀ ਦਾ ਤਿਉਹਾਰ ਕੇਵਲ ਪੰਜਾਬ 'ਚ ਹੀ ਨਹੀਂ ਸਗੋਂ ਦੇਸ਼ਾਂ ਵਿਦੇਸ਼ਾਂ 'ਚ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ ।ਇਸ ਦਿਨ ਪੰਜਾਬ ਦੇ ਵੱਖ-ਵੱਖ ਇਲਾਕਿਆ 'ਚ ਮੇਲੇ ਲੱਗਦੇ ਹਨ ਅਤੇ ਅਤੇ ਲੋਕ ਖੁਸ਼ੀ-ਖੁਸ਼ੀ ਆਪਣੇ ਪਰਿਵਾਰ ਸਮੇਤ ਇਹਨਾਂ ਮੇਲਿਆਂ ਦਾ ਅਨੰਦ ਮਾਣਦੇ ਹਨ ।ਇਸ ਦਿਨ ਪੰਜਾਬ ਦਾ ਪਰੰਪਰਾਗਤ ਨਾਚ ਭੰਗੜੇ ਪਾਉਂਦੇ ਲੋਕ ਪੂਰੇ ਜੋਸ਼ ਨਾਲ ਇਸ ਤਿਉਹਾਰ ਨੂੰ ਮਨਾਉਂਦੇ ਹਨ। ਇਸ ਦਿਨ ਇਸ ਦਿਨ ਲੋਕ ਗੁਰੂ ਘਰਾਂ 'ਚ ਮੱਥਾ ਟੇਕਦੇ ਹਨ ਅਤੇ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਦੇ ਹਨ। ਪੰਜਾਬ ਦੇ ਵੱਖ-ਵੱਖ ਗੁਰੂ ਘਰਾਂ 'ਚ ਧਾਰਮਿਕ ਸਮਾਗਮ ਅਤੇ ਨਗਰ ਕੀਰਤਨ ਵੀ ਸਜਾਏ ਜਾਂਦੇ ਹਨ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਖਾਸ ਦੀਵਾਨ ਸਜਾਏ ਜਾਂਦੇ ਹਨ ।ਜਿਸ 'ਚ ਵੱਡੀ ਗਿਣਤੀ 'ਚ ਸੰਗਤਾਂ ਸ਼ਿਰਕਤ ਕਰਦੀਆਂ ਹਨ। ਤੁਹਾਨੂੰ ਦੱਸ ਦੇਈਏ ਕਿ ਇਸ ਦਿਨ ਦਸਤਾਰ ਦਿਵਸ ਵੀ ਮਨਾਇਆ ਜਾਂਦਾ ਹੈ।

**ਬਰਜਿੰਦਰ ਕੌਰ ਬਿਸਰਾਓ...**
**9988901324**



# ਵਿਸਾਖ ਚੜ੍ਹੇ ਤੋਂ ਆਈ ਵਿਸਾਖੀ...



ਪੰਜਾਬੀਆਂ ਲਈ ਵੱਖ ਵੱਖ ਮੇਲਿਆਂ ਅਤੇ ਤਿਉਹਾਰਾਂ ਦਾ ਵਿਸ਼ੇਸ਼ ਮਹੱਤਵ ਹੈ। ਇਨ੍ਹਾਂ ਵਿੱਚੋਂ ਵਿਸਾਖੀ ਸਭ ਤੋਂ ਮਹੱਤਵਪੂਰਨ ਹੈ। ਜਿਵੇਂ ਇਸ ਦੇ ਨਾਂ ਤੋਂ ਹੀ ਸਪੱਸ਼ਟ ਹੁੰਦਾ ਹੈ ਕਿ ਵਿਸਾਖ ਮਹੀਨੇ ਦੇ ਪਹਿਲੇ ਦਿਨ ਮਨਾਏ ਜਾਣ ਕਾਰਨ ਇਸ ਦਾ ਨਾਂ ਵਿਸਾਖੀ ਪਿਆ ਹੈ। ਵਿਸਾਖੀ ਬਹੁਪੱਖੀ ਮਹੱਤਵ ਰੱਖਣ ਵਾਲਾ ਤਿਉਹਾਰ ਹੈ। ਇਹ ਵਿਸ਼ੇਸ਼ ਰੂਪ ਵਿੱਚ ਫ਼ਸਲਾਂ ਪੱਕਣ ਦੀ ਖ਼ੁਸ਼ੀ ਵਿੱਚ ਮਨਾਇਆ ਜਾਂਦਾ ਹੈ। ਵਿਸਾਖੀ ਵਾਲਾ ਦਿਨ ਸੂਰਜੀ ਵਰ੍ਹੇ ਦਾ ਪਹਿਲਾ ਦਿਨ ਹੈ। ਅਜਿਹਾ ਹੋਣ ਕਾਰਨ ਪੁਰਾਤਨ ਸਮਿਆਂ ਤੋਂ ਇਹ ਦਿਨ ਵੱਖ ਵੱਖ ਰੂਪਾਂ ਵਿੱਚ ਮਨਾਇਆ ਜਾਂਦਾ ਹੈ। ਪੁਰਾਤਨ ਗਰੰਥਾਂ, ਪੁਰਾਣਾਂ ਵਿੱਚ ਇਸ ਦਾ ਵੱਖ ਵੱਖ ਰੂਪਾਂ ਵਿੱਚ ਜ਼ਿਕਰ ਮਿਲਦਾ ਹੈ ਆਮ ਕਰਕੇ ਵਿਸਾਖੀ ਆਉਣ ਸਮੇਂ ਗਰਮੀ ਆਪਣਾ ਪ੍ਰਭਾਵ ਵਿਖਾਉਣ ਲੱਗਦੀ ਹੈ। ਇਸ ਦਾ ਸਰੀਰਕ ਰੂਪ ਵਿੱਚ ਪ੍ਰਭਾਵ ਪੈਣਾ ਲਾਜ਼ਮੀ ਹੈ। ਅਜਿਹਾ ਹੋਣ ਕਾਰਨ ਇਸ ਸਮੇਂ ਇਸ਼ਨਾਨ ਕਰਨ ਅਤੇ ਗਰਮੀ ਦੇ ਪ੍ਰਭਾਵ ਤੋਂ ਬਚਣ ਲਈ ਤੀਰਥ ਇਸ਼ਨਾਨ ਕਰਨ ਦਾ ਵਿਸ਼ੇਸ਼ ਮਹੱਤਵ ਸਮਝਿਆ ਜਾਂਦਾ ਹੈ। ਅਜਿਹੇ ਵਿਗਿਆਨਕ ਕਾਰਨ ਸਮੇਂ ਨਾਲ ਲੋਕ ਵਿਸ਼ਵਾਸ ਦਾ ਹਿੱਸਾ ਬਣ ਗਏ। ਵਿਸਾਖੀ ਭਾਰਤ ਦੇ ਵੱਖ ਵੱਖ ਹਿੱਸਿਆਂ ਵਿੱਚ ਵੱਖ ਵੱਖ ਨਾਵਾਂ ਅਤੇ ਰੂਪਾਂ ਵਿੱਚ ਮਨਾਈ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਤੁਖਾਰੀ ਰਾਗ ਵਿੱਚ ਬਾਰਾਮਾਹਾ ਵਿੱਚ ਵਿਸਾਖੀ ਸਬੰਧੀ ਕੁੱਝ ਇਸ ਤਰ੍ਹਾਂ ਫਰਮਾਉਂਦੇ ਹਨ;

**ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥**

ਵਿਸਾਖੀ ਪੰਜਾਬੀਆਂ ਲਈ ਸੱਭਿਆਚਾਰਕ, ਇਤਿਹਾਸਕ ਅਤੇ ਆਰਥਿਕ ਪੱਖਾਂ ਤੋਂ ਮਹੱਤਵ ਰੱਖਣ ਵਾਲਾ ਤਿਉਹਾਰ ਹੈ। ਆਰਥਿਕ ਪੱਖ ਤੋਂ ਇਹ ਪੰਜਾਬ ਦੀ ਹਾੜ੍ਹੀ ਦੀ ਪ੍ਰਮੁੱਖ ਫ਼ਸਲ ਕਣਕ ਦੇ ਪੱਕਣ ਦੇ ਜਸ਼ਨਾਂ ਦਾ ਤਿਉਹਾਰ ਹੈ। ਇਹ ਖਿੱਤੇ ਦੇ ਲੋਕਾਂ ਦਾ ਢਿੱਡ ਭਰਨ ਦੇ ਨਾਲ ਨਾਲ ਜੀਵਨ ਜਿਊਣ ਲਈ ਆਰਥਿਕ ਸਾਧਨ ਪ੍ਰਦਾਨ ਕਰਨ ਦਾ ਸਾਧਨ ਰਹੀ ਹੈ। ਇਸ ਕਰਕੇ ਇਸ ਦੇ ਆਉਣ ਦੀ ਖ਼ੁਸ਼ੀ ਦਾ ਪ੍ਰਗਟਾਵਾ ਹੋਣਾ ਸੁਭਾਵਿਕ ਹੈ। ਇਸ ਦਿਨ ਦੇ ਅਜਿਹੇ ਆਰਥਿਕ ਮਹੱਤਵ ਕਾਰਨ ਪੰਜਾਬ ਵਿੱਚ ਛੋਟੇ ਵੱਡੇ ਅਨੇਕਾਂ ਥਾਵਾਂ 'ਤੇ ਮੇਲੇ ਲੱਗਦੇ ਹਨ ਅਤੇ ਲੋਕ ਇਨ੍ਹਾਂ ਵਿੱਚ ਪੂਰੇ ਜੋਸ਼ੋ ਖਰੋਸ਼ ਨਾਲ ਸ਼ਮੂਲੀਅਤ ਕਰਦੇ ਹਨ;

**ਵਿਸਾਖ ਚੜ੍ਹੇ ਤੋਂ ਵਿਸਾਖੀ ਆਈ।**
**ਮੇਲਾ ਵੇਖਣ ਤੁਰੀ ਲੁਕਾਈ।**

ਵਿਸਾਖੀ ਆਉਣ ਸਮੇਂ ਕਣਕ ਹਰੇ ਤੋਂ ਸੁਨਹਿਰੀ ਰੰਗ ਵਿੱਚ ਤਬਦੀਲ ਹੋ ਕੇ ਘਰ ਆਉਣ ਲਈ ਤਿਆਰ ਹੁੰਦੀ ਹੈ। ਸਰਦੀ ਵਿੱਚ ਕਣਕਾਂ ਦੀ ਸਾਂਭ ਸੰਭਾਲ ਵਿੱਚ ਕੀਤੀ ਮਿਹਨਤ ਦਾ ਫ਼ਲ ਮਿਲਣ ਦਾ ਸਮਾਂ ਆ ਜਾਂਦਾ ਹੈ ਅਤੇ ਇਸ ਨਾਲ ਸਬੰਧਤ ਸਾਂਭ ਸੰਭਾਲ, ਦੇਖਭਾਲ ਦੇ ਕੰਮ ਮੁੱਕ ਜਾਂਦੇ ਹਨ। ਅਜਿਹਾ ਹੋਣ ਕਾਰਨ ਪ੍ਰਸਿੱਧ ਹੈ;

**ਕਣਕਾਂ ਦੀ ਮੁੱਕ ਗਈ ਰਾਖੀ, ਉਏ ਜੱਟਾ ਆਈ ਵਿਸਾਖੀ।**

ਦਾਣੇ ਘਰ ਆਉਣ ਕਾਰਨ ਕਿਸਾਨਾਂ ਅਤੇ ਉਸ ਨਾਲ ਜੁੜੀਆਂ ਜਮਾਤਾਂ ਵਿੱਚ ਹੁਲਾਸ ਹੋਣਾ ਲਾਜ਼ਮੀ ਹੈ। ਵਿਸਾਖੀ ਪ੍ਰਤੀ ਉਤਸ਼ਾਹ ਦੇ ਅਜਿਹੇ ਪੱਖ ਨੂੰ ਪੰਜਾਬੀ ਦੇ ਸਿਰਮੌਰ ਕਵੀ ਧਨੀ ਰਾਮ ਚਾਤ੍ਰਿਕ ਨੇ ਕੁਝ ਇਸ ਤਰ੍ਹਾਂ ਪੇਸ਼ ਕੀਤਾ ਹੈ;

**ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ**
**ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ**
**ਮੀਹਾਂ ਦੀ ਉਡੀਕ ਤੇ ਸਿਆੜ ਕੱਢ ਕੇ**
**ਮਾਲ ਧੰਦਾ ਸਾਂਭਣੇ ਨੂੰ ਕਾਮਾ ਛੱਡ ਕੇ**
**ਪੱਗ ਝੱਗਾ ਚਾਦਰਾ ਨਵਾਂ ਸਵਾਇ ਕੇ**
**ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ**
**ਕੱਛੇ ਮਾਰ ਵੰਝਲੀ ਅਨੰਦ ਛਾ ਗਿਆ**
**ਮਾਰਦਾ ਦਮਾਮੇ ਜੱਟ ਮੇਲੇ ਆ ਗਿਆ**

ਵਿਸਾਖੀ ਦੇ ਦਿਨ ਵੱਖ ਵੱਖ ਥਾਵਾਂ 'ਤੇ ਲੱਗਦੇ ਮੇਲਿਆਂ 'ਤੇ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੁੰਦੇ ਸਨ। ਇਸ ਦਾ ਕਾਰਨ ਪੱਕੀ ਹਾੜ੍ਹੀ ਦੇ ਜਸ਼ਨ, ਧਾਰਮਿਕ ਵਿਸ਼ਵਾਸ ਅਤੇ ਲੋਕਾਂ ਦੀਆਂ ਮਨੋਰੰਜਨ, ਮੇਲ ਮਿਲਾਪ, ਖ਼ਰੀਦੋ ਫਰੋਖ਼ਤ ਵਰਗੀਆਂ ਵਕਤੀ ਜ਼ਰੂਰਤਾਂ ਇਸ ਦਿਨ ਦੇ ਮਹੱਤਵ ਨੂੰ ਹੋਰ ਮਹੱਤਵ ਪ੍ਰਦਾਨ ਕਰਨ ਦਾ ਕੰਮ ਕਰਦੀਆਂ ਸਨ। ਇਸ ਦੇ ਨਾਲ ਇਸ ਦੇ ਪਿੱਛੇ ਸ਼ਾਇਦ ਕਣਕ ਦੀ ਵਾਢੀ ਦੇ ਲੰਬੇ ਤੇ ਥਕਾਉਣ ਵਾਲੇ ਕੰਮ ਤੋਂ ਬਾਅਦ ਆਨੰਦ ਮਾਣਨ ਦਾ ਜਜ਼ਬਾ ਵੀ ਕੰਮ ਕਰਦਾ ਹੋਵੇਗਾ। ਪੁਰਾਤਨ ਸਮਿਆਂ ਤੋਂ ਇਸ ਦਿਨ ਲੋਕ ਮੇਲੇ ਦਾ ਆਨੰਦ ਮਾਣਨ ਲਈ ਬੜੀ ਧੂਮ ਧਾਮ ਨਾਲ ਜਾਂਦੇ ਰਹੇ ਹਨ। ਅਜੋਕੇ ਆਵਾਜਾਈ ਦੇ ਆਧੁਨਿਕ ਸਾਧਨਾਂ ਦੀ ਘਾਟ ਸਮੇਂ ਜ਼ਿਆਦਾਤਰ ਸਫ਼ਰ ਪੈਦਲ ਕੀਤਾ ਜਾਂਦਾ ਸੀ। ਅਜਿਹਾ ਹੋਣ ਕਾਰਨ ਪ੍ਰਸਿੱਧ ਹੈ;

**ਮੇਲਾ ਮੁਕਤਸਰ ਦਾ, ਜੋੜੇ ਤੋੜ ਵਿਸਾਖੀ।**

ਇਸ ਦਿਨ ਦੇ ਵਿਸ਼ੇਸ਼ ਆਰਥਿਕ, ਕੁਦਰਤੀ, ਇਤਿਹਾਸਕ, ਮਿਥਿਹਾਸਕ ਅਤੇ ਸੱਭਿਆਚਾਰਕ ਮਹੱਤਵ ਕਾਰਨ ਇਸ ਦੇ ਨਾਲ ਹੋਰਨਾਂ ਦਿਨਾਂ ਵਾਂਗ ਸਮੇਂ ਨਾਲ ਕਾਫ਼ੀ ਕੁੱਝ ਨਵਾਂ ਜੁੜਦਾ ਗਿਆ। ਇਸ ਨਾਲ ਜੁੜੀ ਇੱਕ ਮਹੱਤਵਪੂਰਨ ਧਾਰਮਿਕ ਤੇ ਇਤਿਹਾਸਕ ਘਟਨਾ ਇਸੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਸਿਰਜਣਾ ਹੈ। ਸਿੱਖੀ ਨੂੰ ਨਵਾਂ ਰੂਪ ਪ੍ਰਦਾਨ ਕਰਨ, ਜਾਤਪਾਤ, ਅੰਧ ਵਿਸ਼ਵਾਸ ਆਦਿ ਵਰਗੀਆਂ ਕੁਰੀਤੀਆਂ ਨੂੰ ਖ਼ਤਮ ਕਰਨ, ਸਿੱਖਾਂ ਨੂੰ ਵਧੇਰੇ ਸਗੰਠਿਤ ਕਰਨ, ਸਦੀਵੀ ਫੌਜ ਤਿਆਰ ਕਰਨ ਆਦਿ ਵਰਗੇ ਉਦੇਸ਼ਾਂ ਲਈ ਖਾਲਸਾ ਪੰਥ ਦੀ ਸਿਰਜਣਾ ਲਈ 1699 ਈਸਵੀ ਵਿੱਚ ਵਿਸਾਖੀ ਵਾਲੇ ਦਿਨ ਦੀ ਚੋਣ ਕੀਤੀ ਗਈ। ਬਾਕਾਇਦਾ ਇਸ ਲਈ ਸਿੱਖ ਸੰਗਤਾਂ ਨੂੰ ਆਨੰਦਪੁਰ ਦੇ ਕਿਲ੍ਹਾ ਕੇਸਗੜ੍ਹ ਸਾਹਿਬ ਵਿਖੇ ਇਕੱਠੇ ਹੋਣ ਸਬੰਧੀ ਸੱਦਾ ਦਿੱਤਾ ਗਿਆ। ਇਸ ਦਿਨ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਆਨੰਦਪੁਰ ਸਾਹਿਬ ਵਿੱਚ ਇਕੱਠੀਆਂ ਹੋਈਆਂ ਅਤੇ ਕੇਸਗੜ੍ਹ ਵਿਖੇ ਭਾਰੀ ਦੀਵਾਨ ਸਜਿਆ ਅਤੇ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ।

ਇਸੇ ਤਰ੍ਹਾਂ ਇਸ ਦਿਨ ਨਾਲ ਜੁੜੀ ਇੱਕ ਹੋਰ ਮਹੱਤਵਪੂਰਨ ਅਤੇ ਦੁਖਦਾਈ ਘਟਨਾ 13 ਅਪਰੈਲ 1919 ਦਾ ਅੰਮ੍ਰਿਤਸਰ ਦਾ ਜੱਲ੍ਹਿਆਂਵਾਲੇ ਬਾਗ਼ ਦਾ ਖੂਨੀ ਸਾਕਾ ਹੈ। ਜੱਲ੍ਹਿਆਂਵਾਲੇ ਬਾਗ਼ ਵਿੱਚ ਰੌਲੇਟ ਐਕਟ ਅਤੇ ਡਾ. ਸੈਫੂਦੀਨ ਕਿਚਲੂ ਅਤੇ ਡਾ. ਸੱਤਿਆਪਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਲੋਕ ਇਕੱਠੇ ਹੋ ਕੇ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ। ਇਸ ਇਕੱਠ ਵਿੱਚ ਸ਼ਾਮਲ ਹੋਏ ਲੋਕਾਂ ਨੂੰ ਜਰਨਲ ਡਾਇਰ ਦੀ ਅਗਵਾਈ ਵਿੱਚ ਅੰਗਰੇਜ਼ ਸੈਨਿਕਾਂ ਨੇ ਜੱਲ੍ਹਿਆਂਵਾਲੇ ਬਾਗ਼ ਦੇ ਆਉਣ ਜਾਣ ਵਾਲੇ ਇੱਕੋ ਇੱਕ ਰਸਤੇ ਨੂੰ ਘੇਰ ਲਿਆ ਅਤੇ ਇੱਥੇ ਮੌਜੂਦ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਗੋਲੀ ਕਾਂਡ ਵਿੱਚ ਸੈਂਕੜੇ ਨਿਹੱਥੇ ਤੇ ਨਿਰਦੋਸ਼ ਲੋਕ ਮਾਰੇ ਗਏ। ਇਸ ਲਈ ਵਿਸਾਖੀ 'ਤੇ ਜੱਲ੍ਹਿਆਂਵਾਲੇ ਬਾਗ਼ ਦੇ ਸ਼ਹੀਦਾਂ ਨੂੰ ਵੀ ਯਾਦ ਕੀਤਾ ਜਾਂਦਾ ਹੈ।





ਆਨੰਦਪੁਰ ਸਾਹਿਬ ਤੋਂ ਬਾਅਦ ਤਲਵੰਡੀ ਸਾਬੋ ਦੀ ਵਿਸਾਖੀ ਦਾ ਮੇਲਾ ਸਭ ਤੋਂ ਵਿਸ਼ਾਲ ਅਤੇ ਮਹੱਤਵਪੂਰਨ ਹੈ। ਤਲਵੰਢੀ ਸਾਬੋ ਵਿਖੇ ਗੁਰੂ ਗੋਬਿੰਦ ਸਿੰਘ ਜੀ 1705 ਈਸਵੀ ਵਿੱਚ ਆਏ ਸਨ। ਉਨ੍ਹਾਂ ਨੇ ਜੰਗਾਂ ਯੁੱਧਾਂ ਤੋਂ ਵਿਹਲੇ ਹੋ ਕੇ ਇੱਥੇ ਲਿਖਣ ਪੜ੍ਹਨ ਨਾਲ ਸਬੰਧਤ ਬਹੁਤ ਸਾਰੇ ਮਹੱਤਵਪੂਰਨ ਕੰਮ ਕੀਤੇ। ਇੱਥੇ ਗੁਰੂ ਗਰੰਥ ਸਾਹਿਬ ਨੂੰ ਅੰਤਿਮ ਰੂਪ ਦਿੱਤਾ। ਅਜਿਹੇ ਕਾਰਜਾਂ ਕਾਰਨ ਇਸ ਨਗਰ ਨੂੰ ਗੁਰੂ ਕੀ ਕਾਂਸ਼ੀ ਦਾ ਵੀ ਖਿਤਾਬ ਪ੍ਰਾਪਤ ਹੈ। ਇਸ ਦੇ ਨਾਲ ਨਾਲ ਇੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ ਵੱਡੀ ਗਿਣਤੀ ਵਿੱਚ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਸੀ। ਪ੍ਰਸਿੱਧ ਇਤਿਹਾਸਕਾਰ ਟਰਿੱਪ ਦੇ ਅਨੁਸਾਰ ਆਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਾਜਨਾ ਸਮੇਂ ਵਿਸਾਖੀ ਵਾਲੇ ਦਿਨ ਵੀਹ ਹਜ਼ਾਰ ਦੇ ਲਗਭਗ ਜਦਕਿ ਗੁਰੂ ਸਾਹਿਬ ਨੇ ਵੱਲੋਂ ਦਮਦਮਾ ਸਾਹਿਬ ਵਿਖੇ ਵਿਸਾਖੀ ਵਾਲੇ ਦਿਨ ਸਵਾ ਲੱਖ ਸੰਗਤਾਂ ਨੂੰ ਅੰਮ੍ਰਿਤ ਛਕਾਇਆ ਗਿਆ। ਅਜਿਹਾ ਹੋਣ ਕਾਰਨ ਤਲਵੰਡੀ ਸਾਬੋ ਦਾ ਧਾਰਮਿਕ ਅਤੇ ਇਤਿਹਾਸਕ ਮਹੱਤਵ ਹੋਣਾ ਲਾਜ਼ਮੀ ਹੈ। ਇਸ ਨਗਰ ਨੂੰ 1966 ਵਿੱਚ ਸਿੱਖਾਂ ਦੇ ਪੰਜਵੇਂ ਤਖ਼ਤ ਦੇ ਰੂਪ ਵਿੱਚ ਮਾਨਤਾ ਦਿੱਤੀ ਗਈ। ਇਸ ਨਗਰ ਦੇ ਅਜਿਹੇ ਇਤਿਹਾਸ ਅਤੇ ਧਾਰਮਿਕ ਮਹੱਤਵ ਕਾਰਨ ਹਰ ਸਾਲ ਇੱਥੇ ਵਿਸਾਖੀ ਵਾਲੇ ਦਿਨ ਬਹੁਤ ਭਾਰੀ ਮੇਲਾ ਭਰਦਾ ਹੈ।

ਇਸ ਤਰ੍ਹਾਂ ਇਸ ਦਿਨ ਨਾਲ ਸਬੰਧਤ ਹੋਰ ਵੀ ਛੋਟੀਆਂ ਵੱਡੀਆਂ ਘਟਨਾਵਾਂ ਜੁੜੀਆਂ ਹੋਈਆਂ ਹਨ। ਧਾਰਮਿਕ, ਆਰਥਿਕ, ਇਤਿਹਾਸਕ, ਮਿਥਿਹਾਸਕ ਮਹੱਤਵ ਅਤੇ ਹਾੜ੍ਹੀ ਦੀ ਫ਼ਸਲ ਦੀ ਆਮਦ ਦੇ ਜਸ਼ਨ ਵਾਲੇ ਇਸ ਦਿਨ ਨੂੰ ਭਾਰਤ ਵਿੱਚ ਵੱਖ ਵੱਖ ਰੂਪਾਂ ਵਿੱਚ ਮਨਾਇਆ ਜਾਂਦਾ ਹੈ। ਪੰਜਾਬ, ਪੰਜਾਬੀਆਂ ਲਈ ਇਸ ਦਿਨ ਦੇ ਧਾਰਮਿਕ, ਇਤਿਹਾਸਕ, ਅਧਿਆਤਮਕ, ਆਰਥਿਕ, ਸੱਭਿਆਚਾਰਕ ਮਹੱਤਵ ਕਾਰਨ ਇਸ ਦੇ ਜਸ਼ਨ ਮਨਾਏ ਜਾਂਦੇ ਹਨ। ਵੱਖ ਵੱਖ ਧਾਰਮਿਕ ਸਥਾਨਾਂ 'ਤੇ ਵੱਡੇ ਛੋਟੇ ਮੇਲੇ ਭਰਦੇ ਹਨ। ਧਾਰਮਿਕ ਆਸਥਾ ਦੇ ਨਾਲ ਨਾਲ ਸੱਭਿਆਚਾਰਕ ਪੱਖ ਤੋਂ ਪੰਜਾਬੀ ਇਨ੍ਹਾਂ ਦਾ ਪੂਰਾ ਲੁਤਫ ਲੈਂਦੇ ਹਨ।

**ਜੱਗਾ ਸਿੰਘ ਆਦਮਕੇ**
**ਸੰਪਰਕ:** 81469-24800

# ਰੀਲ ਸੱਭਿਆਚਾਰ ਵਿੱਚ ਸਾਹਿਤ 'ਸਮੱਗਰੀ' ਬਣ ਜਾਂਦਾ ਹੈ

## ਪਲ ਦੀ ਪ੍ਰਸਿੱਧੀ ਦੀ ਦੌੜ ਵਿੱਚ ਸਾਹਿਤਕ ਕਦਰਾਂ-ਕੀਮਤਾਂ ਘਟਦੀਆਂ ਹਨ



ਅਖੌਤੀ ਕਵੀ ਸਾਹਿਤ ਦੇ ਭੇਸ ਵਜੋਂ ਸਤਹੀ ਜਾਂ ਨਕਲੀ ਲਾਈਨਾਂ ਦੀ ਵਰਤੋਂ ਕਰਦੇ ਹੋਏ, ਮੁੱਖ ਤੌਰ 'ਤੇ ਆਕਰਸ਼ਣ 'ਤੇ ਕੇਂਦ੍ਰਿਤ ਪੇਸ਼ਕਾਰੀ ਨੂੰ ਉਤਸ਼ਾਹਿਤ ਕਰ ਰਹੇ ਹਨ। ਜਦੋਂ ਕਿ ਕਵਿਤਾ ਭਾਵਨਾਵਾਂ ਦਾ ਇੱਕ ਅਸਲੀ ਪ੍ਰਗਟਾਵਾ ਹੋਣਾ ਚਾਹੀਦਾ ਹੈ, ਇਹ ਅਕਸਰ ਧਿਆਨ ਖਿੱਚਣ ਦੇ ਸਾਧਨ ਤੱਕ ਸੀਮਤ ਹੋ ਜਾਂਦੀ ਹੈ। ਇਹ ਨਾ ਸਿਰਫ਼ ਕਵਿਤਾ ਦੀ ਭਰੋਸੇਯੋਗਤਾ ਨਾਲ ਸਮਝੌਤਾ ਕਰਦਾ ਹੈ, ਸਗੋਂ ਗੰਭੀਰ ਅਤੇ ਅਰਥਪੂਰਨ ਸਾਹਿਤਕ ਯਤਨਾਂ ਨੂੰ ਵੀ ਹਾਸ਼ੀਏ 'ਤੇ ਧੱਕਦਾ ਹੈ। ਸਾਹਿਤ ਵਰਗੇ ਗੰਭੀਰ ਵਿਸ਼ੇ ਨੂੰ ਪੇਸ਼ ਕਰਦੇ ਸਮੇਂ, ਸੰਤੁਲਨ ਅਤੇ ਸ਼ਿਸ਼ਟਾਚਾਰ ਦੀ ਲੋੜ ਹੁੰਦੀ ਹੈ। ਬਦਕਿਸਮਤੀ ਨਾਲ, ਇਹ ਸੰਤੁਲਨ ਅਕਸਰ ਸਿਰਫ਼ ਧਿਆਨ ਦੀ ਭਾਲ ਵਿੱਚ ਗੁਆਚ ਜਾਂਦਾ ਹੈ, ਸਾਹਿਤ ਦੀ ਗੰਭੀਰਤਾ ਨਾਲ ਸਮਝੌਤਾ ਕਰਦਾ ਹੈ।

ਡਿਜੀਟਲ ਯੁੱਗ ਨੇ ਪ੍ਰਗਟਾਵੇ ਦੇ ਰੂਪਾਂ ਨੂੰ ਬੇਮਿਸਾਲ ਗਤੀ ਅਤੇ ਵਿਸ਼ਾਲਤਾ ਦਿੱਤੀ ਹੈ। ਅੱਜ, ਹਰ ਵਿਅਕਤੀ ਕੋਲ ਆਪਣੀਆਂ ਉਂਗਲਾਂ 'ਤੇ ਇੱਕ ਪਲੇਟਫਾਰਮ ਹੈ – ਇੱਕ ਪਲੇਟਫਾਰਮ ਜਿੱਥੇ ਉਹ ਤੁਰੰਤ ਲੱਖਾਂ ਲੋਕਾਂ ਤੱਕ ਪਹੁੰਚ ਸਕਦੇ ਹਨ। ਇਹ ਲੋਕਤੰਤਰੀਕਰਨ ਆਪਣੇ ਆਪ ਵਿੱਚ ਇੱਕ ਮਹੱਤਵਪੂਰਨ ਪ੍ਰਾਪਤੀ ਹੈ। ਪਰ ਹਰ ਸ਼ਕਤੀ ਦੇ ਨਾਲ ਇੱਕ ਜ਼ਿੰਮੇਵਾਰੀ ਆਉਂਦੀ ਹੈ। ਬਦਕਿਸਮਤੀ ਨਾਲ, ਜ਼ਿੰਮੇਵਾਰੀ ਦਾ ਇਹ ਸੰਤੁਲਨ ਅਕਸਰ ਵਿਗੜਦਾ ਜਾਪਦਾ ਹੈ, ਖਾਸ ਕਰਕੇ ਜਦੋਂ ਉਦੇਸ਼ ਪ੍ਰਗਟਾਵੇ ਦੀ ਬਜਾਏ ਪ੍ਰਸਿੱਧੀ ਬਣ ਜਾਂਦਾ ਹੈ।

ਰੀਲ ਸੱਭਿਆਚਾਰ ਇਸ ਅਸੰਤੁਲਨ ਦੀ ਇੱਕ ਪ੍ਰਮੁੱਖ ਉਦਾਹਰਣ ਹੈ। ਕੁਝ ਸਕਿੰਟਾਂ ਦੇ ਵੀਡੀਓ ਵਿੱਚ ਪ੍ਰਭਾਵ ਪੈਦਾ ਕਰਨ ਦੀ ਦੌੜ ਨੇ ਪ੍ਰਗਟਾਵੇ ਨੂੰ ਤੇਜ਼, ਸੰਖੇਪ ਅਤੇ ਅਕਸਰ ਸਤਹੀ ਬਣਾ ਦਿੱਤਾ ਹੈ। ਸਾਹਿਤ, ਜੋ ਮੂਲ ਰੂਪ ਵਿੱਚ ਧੀਰਜ, ਡੂੰਘਾਈ ਅਤੇ ਚਿੰਤਨ ਦੀ ਮੰਗ ਕਰਦਾ ਹੈ, ਤੁਰੰਤ ਖਪਤ ਦੇ ਇਸ ਸੱਭਿਆਚਾਰ ਵਿੱਚ ਆਪਣੇ ਆਪ ਨੂੰ ਮੁਸ਼ਕਲਾਂ ਵਿੱਚ ਪਾ ਰਿਹਾ ਹੈ। ਅਧੂਰੀਆਂ ਲਾਈਨਾਂ, ਸੰਦਰਭ ਤੋਂ ਬਾਹਰ ਹਵਾਲੇ, ਅਤੇ ਨਕਲੀ ਪ੍ਰਗਟਾਵੇ – ਇਹ ਸਭ ਸਾਹਿਤ ਨੂੰ ਇੱਕ ÷ਉਤਪਾਦ÷ ਵਿੱਚ ਬਦਲ ਰਹੇ ਹਨ ਜਿਸਦਾ ਇੱਕੋ ਇੱਕ ਉਦੇਸ਼ ਧਿਆਨ ਖਿੱਚਣਾ ਹੈ।

ਅੱਜ, ÷ਵਾਇਰਲ ਹੋਣਾ÷ ਸਫਲਤਾ ਦਾ ਮਾਪਦੰਡ ਬਣ ਗਿਆ ਹੈ। ਇਸ ਮਾਨਸਿਕਤਾ ਨੇ ਰਚਨਾਤਮਕ ਪ੍ਰਕਿਰਿਆ ਨੂੰ ਪ੍ਰਭਾਵਿਤ ਕੀਤਾ ਹੈ। ਲੇਖਕ ਹੁਣ ਇਸ ਆਧਾਰ 'ਤੇ ਲਿਖਦੇ ਹਨ ਕਿ ਕੀ ਉਨ੍ਹਾਂ ਦੀ ਸਮੱਗਰੀ ਲੋਕਾਂ ਨਾਲ ਤੁਰੰਤ ਗੂੰਜੇਗੀ, ਨਾ ਕਿ ਇਹ ਵਿਚਾਰ ਸਮਾਜ ਲਈ ਸਾਰਥਕ ਹੈ। ਨਤੀਜੇ ਵਜੋਂ, ਚਮਕਦਾਰਤਾ ਨੇ ਡੂੰਘਾਈ ਦੀ ਥਾਂ ਲੈ ਲਈ ਹੈ, ਅਤੇ ਪ੍ਰਦਰਸ਼ਨ ਨੇ ਹਮਦਰਦੀ ਦੀ ਥਾਂ ਲੈ ਲਈ ਹੈ। ਇਹ ਰੁਝਾਨ ਨਾ ਸਿਰਫ਼ ਸਾਹਿਤ ਨਾਲ ਬੇਇਨਸਾਫ਼ੀ ਹੈ, ਸਗੋਂ ਸਮਾਜ ਦੇ ਬੌਧਿਕ ਪੱਧਰ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਸਾਹਿਤ ਦਾ ਮੁੱਖ ਉਦੇਸ਼ ਸਿਰਫ਼ ਮਨੋਰੰਜਨ ਨਹੀਂ ਹੈ। ਇਹ ਸਮਾਜ ਦਾ ਸ਼ੀਸ਼ਾ ਹੈ, ਜੋ ਇਸਦੀਆਂ ਹਕੀਕਤਾਂ ਨੂੰ ਦਰਸਾਉਂਦਾ ਹੈ ਅਤੇ ਇਸਦੇ ਵਿਰੋਧਾਭਾਸਾਂ ਨੂੰ ਉਜਾਗਰ ਕਰਦਾ ਹੈ। ਕਬੀਰ ਨੇ ਆਪਣੇ ਦੋਹਿਆਂ ਰਾਹੀਂ ਸਮਾਜਿਕ ਬੁਰਾਈਆਂ 'ਤੇ ਹਮਲਾ ਕੀਤਾ, ਤੁਲਸੀਦਾਸ ਨੇ ਵਿਸ਼ਵਾਸ ਅਤੇ ਮਾਣ ਦਾ ਸੰਦੇਸ਼ ਦਿੱਤਾ, ਪ੍ਰੇਮਚੰਦ ਨੇ ਸਮਾਜ ਦੀ ਅਸਲੀਅਤ ਨੂੰ ਉਜਾਗਰ ਕੀਤਾ, ਅਤੇ ਮਹਾਦੇਵੀ ਵਰਮਾ ਨੇ ਭਾਵਨਾਵਾਂ ਦੀਆਂ ਸੂਖਮਤਾ ਨੂੰ ਸ਼ਬਦਾਂ ਵਿੱਚ ਬਿਆਨ ਕੀਤਾ। ਇਨ੍ਹਾਂ ਸਾਰੇ ਲੇਖਕਾਂ ਦੀਆਂ ਰਚਨਾਵਾਂ ਸਮੇਂ ਦੀ ਪਰੀਖਿਆ 'ਤੇ ਖਰੀਆਂ ਉਤਰੀਆਂ ਹਨ ਕਿਉਂਕਿ ਉਨ੍ਹਾਂ ਵਿੱਚ ਡੂੰਘਾਈ, ਇਮਾਨਦਾਰੀ ਅਤੇ ਸਮਾਜਿਕ ਵਚਨਬੱਧਤਾ ਸੀ।

ਇਸ ਦੇ ਉਲਟ, ਅੱਜ ਸਮਾਜ ਦਾ ਇੱਕ ਵੱਡਾ ਹਿੱਸਾ ਸਾਹਿਤ ਨੂੰ ਸਿਰਫ਼ ਪੇਸ਼ਕਾਰੀ ਦੇ ਮਾਧਿਅਮ ਵਜੋਂ ਦੇਖਦਾ ਹੈ। ਸ਼ਬਦਾਂ ਦੀ ਸੁੰਦਰਤਾ ਨਾਲੋਂ ਪ੍ਰਦਰਸ਼ਨ ਨੂੰ ਵੱਧ ਤੋਂ ਵੱਧ ਤਰਜੀਹ ਦਿੱਤੀ ਜਾ ਰਹੀ ਹੈ। ਰੀਲਾਂ 'ਤੇ ਪੇਸ਼ ਕੀਤੀਆਂ ਗਈਆਂ ਕਵਿਤਾਵਾਂ ਅਕਸਰ ਨਾ ਤਾਂ ਮੌਲਿਕ ਹੁੰਦੀਆਂ ਹਨ ਅਤੇ ਨਾ ਹੀ ਡੂੰਘੇ ਅਰਥਪੂਰਨ ਹੁੰਦੀਆਂ ਹਨ। ਇਹ ਸਿਰਫ਼ ਦਰਸ਼ਕਾਂ ਨੂੰ ਇੱਕ ਪਲ ਲਈ ਮੋਹਿਤ ਕਰਨ ਅਤੇ ÷ਲਾਈਕ÷ ਜਾਂ ÷ਸ਼ੇਅਰ÷ ਕਰਨ ਲਈ ਪ੍ਰੇਰਿਤ ਕਰਨ ਲਈ ਬਣਾਈਆਂ ਜਾਂਦੀਆਂ ਹਨ।

ਰੀਲ ਸੱਭਿਆਚਾਰ ਦਾ ਇੱਕ ਹੋਰ ਚਿੰਤਾਜਨਕ ਪਹਿਲੂ ਪ੍ਰਗਟਾਵੇ ਦੀ ਸ਼ਾਲੀਨਤਾ ਵਿੱਚ ਗਿਰਾਵਟ ਹੈ। ਭਾਸ਼ਾ ਦੀ ਗੁਣਵੱਤਾ, ਬੋਲਚਾਲ ਦੀ ਸਪਸ਼ਟਤਾ, ਅਤੇ ਪੇਸ਼ਕਾਰੀ ਦੀ ਮਾਣ-ਮਰਿਆਦਾ – ਇਹ ਸਾਰੇ ਤੱਤ ਕਿਸੇ ਵੀ ਸਾਹਿਤਕ ਪ੍ਰਗਟਾਵੇ ਦੇ ਮਹੱਤਵਪੂਰਨ ਅੰਗ ਹਨ। ਪਰ ਜਦੋਂ ਇਹਨਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ, ਤਾਂ ਸਾਹਿਤ ਦਾ ਰੂਪ ਵਿਗੜ ਜਾਂਦਾ ਹੈ। ਕਈ ਵਾਰ, ਸਥਿਤੀ ਇੰਨੀ ਗੰਭੀਰ ਹੋ ਜਾਂਦੀ ਹੈ ਕਿ ਮੂਲ ਰਚਨਾ ਦਾ ਸਾਰ ਪੂਰੀ ਤਰ੍ਹਾਂ ਬਦਲ ਜਾਂਦਾ ਹੈ। ਪਹਿਰਾਵੇ ਅਤੇ ਵਿਜ਼ੂਅਲ ਪੇਸ਼ਕਾਰੀ 'ਤੇ ਬਹਿਸ ਵੀ ਤੇਜ਼ ਹੋ ਗਈ ਹੈ। ਇਹ ਸਵੀਕਾਰ ਕਰਨਾ ਪਵੇਗਾ ਕਿ ਪ੍ਰਗਟਾਵੇ ਦੀ ਆਜ਼ਾਦੀ ਹਰ ਵਿਅਕਤੀ ਦਾ ਅਧਿਕਾਰ ਹੈ, ਪਰ ਹਰ ਅਧਿਕਾਰ ਮਾਣ ਅਤੇ ਜ਼ਿੰਮੇਵਾਰੀ ਨਾਲ ਆਉਂਦਾ ਹੈ। ਸਾਹਿਤ ਵਰਗੇ ਗੰਭੀਰ ਵਿਸ਼ੇ ਨੂੰ ਪੇਸ਼ ਕਰਦੇ ਸਮੇਂ, ਸੰਤੁਲਨ ਅਤੇ ਸ਼ਿਸ਼ਟਾਚਾਰ ਦੀ ਲੋੜ ਹੁੰਦੀ ਹੈ। ਬਦਕਿਸਮਤੀ ਨਾਲ, ਇਹ ਸੰਤੁਲਨ ਅਕਸਰ ਦਰਸ਼ਕਾਂ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਵਿੱਚ ਗੁਆਚ ਜਾਂਦਾ ਹੈ, ਜਿਸ ਨਾਲ ਸਾਹਿਤ ਦੀ ਗੰਭੀਰਤਾ ਨਾਲ ਸਮਝੌਤਾ ਹੁੰਦਾ ਹੈ।

ਹਾਲਾਂਕਿ, ਇਸ ਸਥਿਤੀ ਨੂੰ ਸਰਲ ਦ੍ਰਿਸ਼ਟੀਕੋਣ ਤੋਂ ਨਾ ਦੇਖਣਾ ਵੀ ਉਨਾ ਹੀ ਮਹੱਤਵਪੂਰਨ ਹੈ। ਸੋਸ਼ਲ ਮੀਡੀਆ ਨੇ ਬਹੁਤ ਸਾਰੇ ਪ੍ਰਤਿਭਾਸ਼ਾਲੀ ਸਿਰਜਣਹਾਰਾਂ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ ਹੈ ਜੋ ਪਹਿਲਾਂ ਰਵਾਇਤੀ ਪ੍ਰਕਾਸ਼ਨ ਪ੍ਰਣਾਲੀ ਤੱਕ ਪਹੁੰਚ ਨਹੀਂ ਕਰ ਸਕਦੇ ਸਨ। ਅੱਜ, ਛੋਟੇ ਕਸਬਿਆਂ ਅਤੇ ਪਿੰਡਾਂ ਦੇ ਲੋਕ ਵੀ ਆਪਣਾ ਕੰਮ ਸਾਂਝਾ ਕਰ ਰਹੇ ਹਨ ਅਤੇ ਮਾਨਤਾ ਪ੍ਰਾਪਤ ਕਰ ਰਹੇ ਹਨ। ਇਹ ਇੱਕ ਸਕਾਰਾਤਮਕ ਤਬਦੀਲੀ ਹੈ ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਦਰਅਸਲ, ਸਮੱਸਿਆ ਮਾਧਿਅਮ ਦੀ ਨਹੀਂ ਹੈ, ਸਗੋਂ ਇਸਦੀ ਵਰਤੋਂ ਦੀ ਹੈ। ਰੀਲਾਂ ਨੂੰ ਅਰਥਪੂਰਨ ਸਾਹਿਤ ਪੇਸ਼ ਕਰਨ ਲਈ ਵਰਤਿਆ ਜਾਵੇ ਤਾਂ ਇਹ ਇੱਕ ਪ੍ਰਭਾਵਸ਼ਾਲੀ ਮਾਧਿਅਮ ਵੀ ਹੋ ਸਕਦਾ ਹੈ। ਕੁਝ ਸਿਰਜਣਹਾਰ ਇਸ ਦਿਸ਼ਾ ਵਿੱਚ ਵਧੀਆ ਕੰਮ ਕਰ ਰਹੇ ਹਨ – ਉਹ ਸੰਖੇਪਤਾ ਨੂੰ ਕਾਇਮ ਰੱਖਦੇ ਹੋਏ ਡੂੰਘਾਈ ਬਣਾਈ ਰੱਖਦੇ ਹਨ ਅਤੇ ਦਰਸ਼ਕਾਂ ਨੂੰ ਸੋਚਣ ਲਈ ਮਜਬੂਰ ਕਰਦੇ ਹਨ। ਇਹ ਦਰਸਾਉਂਦਾ ਹੈ ਕਿ, ਸਹੀ ਇਰਾਦਿਆਂ ਨਾਲ, ਕੋਈ ਵੀ ਮਾਧਿਅਮ ਸਾਹਿਤ ਦੇ ਪ੍ਰਸਾਰ ਲਈ ਇੱਕ ਸ਼ਕਤੀਸ਼ਾਲੀ ਸਾਧਨ ਬਣ ਸਕਦਾ ਹੈ।

ਲੋੜ ਹੈ ਇੱਕ ਸੰਤੁਲਿਤ ਦ੍ਰਿਸ਼ਟੀਕੋਣ ਦੀ। ਸਾਨੂੰ ਨਾ ਤਾਂ ਰੀਲ ਸੱਭਿਆਚਾਰ ਨੂੰ ਪੂਰੀ ਤਰ੍ਹਾਂ ਖਾਰਜ ਕਰਨਾ ਚਾਹੀਦਾ ਹੈ ਅਤੇ ਨਾ ਹੀ ਇਸਨੂੰ ਆਲੋਚਨਾਤਮਕ ਤੌਰ 'ਤੇ ਸਵੀਕਾਰ ਕਰਨਾ ਚਾਹੀਦਾ ਹੈ। ਇਸ ਦੀ ਬਜਾਏ, ਸਾਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਇਸ ਮਾਧਿਅਮ ਨੂੰ ਸਾਹਿਤ ਨੂੰ ਵਧਾਉਣ ਲਈ ਕਿਵੇਂ ਵਰਤਿਆ ਜਾ ਸਕਦਾ ਹੈ।

ਇਸ ਸੰਦਰਭ ਵਿੱਚ ਵਿਦਿਅਕ ਸੰਸਥਾਵਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਜੇਕਰ ਵਿਦਿਆਰਥੀਆਂ ਨੂੰ ਛੋਟੀ ਉਮਰ ਤੋਂ ਹੀ ਸਾਹਿਤ ਦੀ ਡੂੰਘਾਈ ਅਤੇ ਇਸਦੀ ਸਮਾਜਿਕ ਭੂਮਿਕਾ ਤੋਂ ਜਾਣੂ ਕਰਵਾਇਆ ਜਾਵੇ, ਤਾਂ ਉਹ ਸਿਰਫ਼ ਸਤਹੀ ਸਮੱਗਰੀ ਤੋਂ ਪ੍ਰਭਾਵਿਤ ਨਹੀਂ ਹੋਣਗੇ। ਸਾਹਿਤਕ ਸੰਸਥਾਵਾਂ ਅਤੇ ਫੋਰਮਾਂ ਨੂੰ ਗੁਣਵੱਤਾ ਵਾਲੀ ਸਮੱਗਰੀ ਨੂੰ ਉਤਸ਼ਾਹਿਤ ਕਰਨ ਅਤੇ ਰਚਨਾਤਮਕ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਡਿਜੀਟਲ ਮੀਡੀਆ ਦੀ ਵਰਤੋਂ ਵੀ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ, ਦਰਸ਼ਕਾਂ ਅਤੇ ਪਾਠਕਾਂ ਦੀ ਭੂਮਿਕਾ ਵੀ ਘੱਟ ਮਹੱਤਵਪੂਰਨ ਨਹੀਂ ਹੈ। ਜਿੰਨਾ ਚਿਰ ਦਰਸ਼ਕ ਸਤਹੀ ਸਮੱਗਰੀ ਨੂੰ ਉਤਸ਼ਾਹਿਤ ਕਰਦੇ ਰਹਿਣਗੇ, ਇਹ ਤਿਆਰ ਹੁੰਦੀ ਰਹੇਗੀ। ਜੇਕਰ ਉਹ ਗੁਣਵੱਤਾ ਅਤੇ ਡੂੰਘਾਈ ਨੂੰ ਤਰਜੀਹ ਦਿੰਦੇ ਹਨ, ਤਾਂ ਸਿਰਜਣਹਾਰ ਕੁਦਰਤੀ ਤੌਰ 'ਤੇ ਉਸ ਦਿਸ਼ਾ ਵਿੱਚ ਵੀ ਕੋਸ਼ਿਸ਼ ਕਰਨਗੇ।

ਅੰਤ ਵਿੱਚ, ਇਹ ਇੱਕ ਸਮੂਹਿਕ ਜ਼ਿੰਮੇਵਾਰੀ ਹੈ – ਸਿਰਜਣਹਾਰਾਂ, ਦਰਸ਼ਕਾਂ, ਸਿੱਖਿਅਕਾਂ ਅਤੇ ਸਮਾਜ ਦੇ ਹਰ ਚੇਤੰਨ ਵਿਅਕਤੀ ਦੀ। ਸਾਨੂੰ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਅਸੀਂ ਅਸਥਾਈ ਪ੍ਰਸਿੱਧੀ ਲਈ ਸਾਹਿਤ ਦੀ ਕੁਰਬਾਨੀ ਦੇਣਾ ਚਾਹੁੰਦੇ ਹਾਂ ਜਾਂ ਇਸਨੂੰ ਇਸਦੀ ਸ਼ਾਨ ਅਤੇ ਡੂੰਘਾਈ ਨਾਲ ਸੁਰੱਖਿਅਤ ਰੱਖਣਾ ਚਾਹੁੰਦੇ ਹਾਂ।

ਰੀਲ ਸੱਭਿਆਚਾਰ ਨੂੰ ਰੋਕਿਆ ਨਹੀਂ ਜਾ ਸਕਦਾ, ਪਰ ਇਸਨੂੰ ਚੈਨਲਾਈਜ਼ ਕੀਤਾ ਜਾ ਸਕਦਾ ਹੈ। ਜੇਕਰ ਅਸੀਂ ਸੁਚੇਤ ਰਹੀਏ ਅਤੇ ਸੰਤੁਲਨ ਬਣਾਈ ਰੱਖੀਏ, ਤਾਂ ਇਹ ਮਾਧਿਅਮ ਸਾਹਿਤ ਦੇ ਪ੍ਰਸਾਰ ਦਾ ਇੱਕ ਪ੍ਰਭਾਵਸ਼ਾਲੀ ਸਾਧਨ ਵੀ ਬਣ ਸਕਦਾ ਹੈ।

ਸਾਹਿਤ ਸਿਰਫ਼ ਸ਼ਬਦਾਂ ਦਾ ਸੰਗ੍ਰਹਿ ਨਹੀਂ ਹੈ; ਇਹ ਸਮਾਜ ਦੀ ਚੇਤਨਾ, ਇਸਦੀਆਂ ਸੰਵੇਦਨਾਵਾਂ ਅਤੇ ਇਸਦੀਆਂ ਕਦਰਾਂ-ਕੀਮਤਾਂ ਦਾ ਪ੍ਰਤੀਬਿੰਬ ਹੈ। ਜੇਕਰ ਇਹ ਪ੍ਰਤੀਬਿੰਬ ਧੁੰਦਲਾ ਹੋ ਜਾਂਦਾ ਹੈ, ਤਾਂ ਸਮਾਜ ਦੀ ਸੋਚ ਵੀ ਧੁੰਦਲੀ ਹੋ ਜਾਵੇਗੀ। ਇਸ ਲਈ, ਇਹ ਸਮਾਂ ਹੈ ਕਿ ਅਸੀਂ ਸੁਚੇਤ ਰਹੀਏ, ਸਾਹਿਤ ਦੀ ਸ਼ਾਨ ਨੂੰ ਪਛਾਣੀਏ, ਅਤੇ ਇਸਨੂੰ ਉਸ ਸਤਿਕਾਰ ਨਾਲ ਉਤਸ਼ਾਹਿਤ ਕਰੀਏ ਜਿਸਦੀ ਇਹ ਹੱਕਦਾਰ ਹੈ, ਡਿਜੀਟਲ ਯੁੱਗ ਵਿੱਚ ਵੀ।

**ਡਾ. ਪ੍ਰਿਯੰਕਾ ਸੌਰਭ**
**ਮੋਬਾਈਲ:** 7015375570

# ਪਾਣੀ ਦੇ ਦੋ ਪੱਤਣ ਡੀਕ ਚੁੱਕਾ ਪੰਜਾਬ

ਇਸ ਧਾਰਨਾ ਵਿਚ ਰੱਤੀ ਭਰ ਵੀ ਸ਼ੱਕ ਦੀ ਗੁੰਜ਼ਾਇਸ਼ ਨਹੀਂ ਕਿ 'ਜਲ ਹੀ ਜੀਵਨ' ਹੈ। ਜਲ ਸਰੋਤ ਮਹਾਨ ਸਭਿਆਤਾਵਾਂ ਦੇ ਜਨਮ ਅਤੇ ਵਿਕਾਸ ਦਾ ਮੂਲ ਆਧਾਰ ਬਣੇ ਹਨ। ਦੁਨੀਆਂ ਦੀਆਂ ਪ੍ਰਾਚੀਨ ਸਭਿਅਤਾਵਾਂ ਦਾ ਨਾਮਕਰਨ ਵੀ ਜਲ ਸਰੋਤਾਂ ਦੇ ਨਾਂ ਤੋਂ ਹੀ ਹੋਇਆ ਹੈ। ਜਦੋਂ ਮੁੱਢਲੇ ਆਰੀਆ ਕਬੀਲਿਆਂ ਨੇ ਭਾਰਤ ਵਿਚ ਪ੍ਰਵੇਸ਼ ਕੀਤਾ ਤਾਂ ਉਹ ਇੱਥੇ ਵਗਦੇ ਦਰਿਆਵਾਂ ਦਾ ਨਿਰਮਲ ਜਲ ਦੇਖ ਕੇ ਖ਼ੁਸ਼ੀ ਵਿਚ ਖੀਵੇ ਹੋ ਗਏ। ਉਨ੍ਹਾਂ ਇਸ ਇਲਾਕੇ ਨੂੰ ਜਲ ਦੇ ਵਿਸ਼ੇਸ਼ਣ ਨਾਲ ਹੀ ਅਲੰਕ੍ਰਿਤ ਕੀਤਾ। ਉਨ੍ਹਾਂ ਇਸ ਨੂੰ 'ਸਪਤਸਿੰਧੂ' ਅਰਥਾਤ ਸੱਤ ਨਦੀਆਂ ਦੀ ਧਰਤੀ ਕਹਿ ਕੇ ਵਡਿਆਇਆ। ਮਗਰੋਂ 'ਪੰਜਾਬ' ਨਾਮਕਰਨ ਵੀ ਜਲ ਸਰੋਤਾਂ ਦੀ ਪ੍ਰਮੁੱਖਤਾ ਨੂੰ ਦਰਸਾਉਣ ਵਾਲਾ ਹੈ। ਭਾਵੇਂ ਧਰਤੀ ਦਾ ਵਡੇਰਾ ਭਾਗ ਸਮੁੰਦਰਾਂ ਅਥਵਾ ਜਲ ਦੀ ਸ਼ਕਲ ਵਿਚ ਹੈ, ਫਿਰ ਵੀ ਜਿਸ ਜਲ ਨੂੰ ਅਸੀਂ ਜੀਵਨ ਰੇਖਾ ਆਖਦੇ ਹਾਂ ਉਸ ਪਾਣੀ ਨਾਲ ਕੁਝ ਵਿਸ਼ੇਸ਼ ਭੋਇੰ-ਖੇਤਰ ਹੀ ਵਰੋਸਾਏ ਹੋਏ ਹਨ। ਪੰਜਾਬ ਵੀ ਪ੍ਰਾਚੀਨ ਕਾਲ ਤੋਂ ਉਨ੍ਹਾਂ ਖੇਤਰਾਂ ਵਿਚ ਸ਼ਾਮਲ ਰਿਹਾ ਹੈ, ਪਰ ਪੰਜਾਬ ਦੇ ਜਲ ਸਰੋਤਾਂ ਦਾ ਵਰਤਮਾਨ ਤੇ ਭਵਿੱਖ ਸੁਰੱਖਿਅਤ ਨਹੀਂ ਰਿਹਾ। ਪੰਜਾਬ ਦਾ ਜਲ ਭਾਵੇਂ ਉਹ ਦਰਿਆਈ ਹੈ ਜਾਂ ਜ਼ਮੀਨਦੋਜ਼, ਤੇਜ਼ੀ ਨਾਲ ਸੰਕਟ ਦਾ ਸ਼ਿਕਾਰ ਹੋ ਰਿਹਾ ਹੈ। ਇਹ ਸੰਕਟ ਦੁਵੱਲਾ ਹੈ। ਇਕ ਪਾਸੇ ਜਲ ਖ਼ਤਮ ਹੁੰਦਾ ਜਾ ਰਿਹਾ ਹੈ, ਦੂਜੇ ਪਾਸੇ ਇਸ ਵਿਚ ਪ੍ਰਦੂਸ਼ਣ ਦੀ ਮਾਤਰਾ ਦਿਨੋਂ-ਦਿਨ ਵਧਦੀ ਜਾ ਰਹੀ ਹੈ। ਪੰਜਾਬ ਵਿਚ ਅਸੀਂ ਜ਼ਮੀਨ ਹੇਠਲੇ ਪਾਣੀ ਦੇ ਦੋ ਪੱਤਣ ਮੁਕਾ ਚੁੱਕੇ ਹਾਂ। ਇਹ ਪਾਣੀ ਅਸੀਂ ਹਰੀ ਕ੍ਰਾਂਤੀ ਲਈ ਕਾਹਲੀ ਨਾਲ ਚੁਣੇ ਵਰਤਮਾਨ ਖੇਤੀ ਮਾਡਲ ਦੇ ਲੇਖੇ ਲਗਾ ਦਿੱਤੇ ਹਨ ਜਿਸ ਵਿਚ ਕਣਕ-ਝੋਨੇ ਦੇ ਫ਼ਸਲੀ ਚੱਕਰ ਦੀ ਸਰਦਾਰੀ ਕਾਇਮ ਹੈ। ਝੋਨੇ ਦੀ ਫ਼ਸਲ ਲਈ ਭਾਰੀ ਮਾਤਰਾ ਵਿਚ ਪਾਣੀ ਦੀ ਵਰਤੋਂ ਕਰਨੀ ਪੈਂਦੀ ਹੈ। ਇਸ ਲਈ ਹਰੀ ਕ੍ਰਾਂਤੀ ਦੇ ਆਰੰਭ ਤੋਂ ਲੈ ਕੇ ਹੁਣ ਤਕ ਝੋਨਾ ਸਾਰੇ ਪੰਜਾਬ ਦੇ ਜ਼ਮੀਨ ਹੇਠਲੇ ਪਾਣੀ ਨੂੰ ਇਕ ਤਰ੍ਹਾਂ ਨਾਲ ਡੀਕ ਹੀ ਗਿਆ। ਮਹਿੰਗੇ ਕੁਦਰਤੀ ਸਰੋਤ ਦੇ ਖ਼ਾਤਮੇ ਦੀ ਕੀਮਤ 'ਤੇ ਸਸਤਾ ਝੋਨਾ ਪੈਦਾ ਕਰਕੇ ਪੰਜਾਬੀਆਂ ਨੇ ਵੱਡੀ ਲਾਪ੍ਰਵਾਹੀ ਦਾ ਸਬੂਤ ਦਿੱਤਾ ਹੈ। ਕਿਹਾ ਜਾ ਸਕਦਾ ਹੈ ਕਿ ਇਹ ਘੋਰ ਲਾਪ੍ਰਵਾਹੀ ਅਸਲ ਵਿਚ ਖੇਤੀ ਮਾਹਿਰਾਂ ਦੀ ਹੀ ਬਣਦੀ ਹੈ ਜਿਨ੍ਹਾਂ ਨੇ ਅਲਪਕਾਲੀ ਲਾਭਾਂ ਲਈ ਪੰਜਾਬ ਦੇ ਦੀਰਘਕਾਲੀ ਹਿੱਤਾਂ ਦੀ ਬਲੀ ਦੇਣ ਨੂੰ ਝੰਡੀ ਦੇ ਦਿੱਤੀ। ਪੰਜਾਬ ਵਿਚ ਹਰੀ ਕ੍ਰਾਂਤੀ ਦੇ ਮੌਜੂਦਾ ਮਾਡਲ ਅਧੀਨ ਜਿਉਂ-ਜਿਉਂ ਝੋਨੇ ਦੇ ਅੰਬਾਰ ਉੱਚੇ ਹੁੰਦੇ ਗਏ, ਤਿਉਂ-ਤਿਉਂ ਪਾਣੀ (ਜ਼ਮੀਨ ਹੇਠਲੇ) ਦਾ ਪੱਧਰ ਨੀਵਾਂ ਹੁੰਦਾ ਚਲਾ ਗਿਆ। ਹੁਣ ਇਹ ਉਸ ਨਿਵਾਣ ਨੂੰ ਛੂਹ ਰਿਹਾ ਹੈ ਜਿੱਥੋਂ ਇਸ ਨੂੰ ਮੱਛੀ ਮੋਟਰਾਂ ਬਗੈਰ ਬਾਹਰ ਕੱਢਣਾ ਸੰਭਵ ਨਹੀਂ ਰਿਹਾ। ਜਲ ਸੰਕਟ ਦਾ ਦੂਜਾ ਵੱਡਾ ਪੱਖ ਇਸ ਵਿਚ ਵਧ ਰਹੀ ਪ੍ਰਦੂਸ਼ਣ ਦੀ ਮਾਤਰਾ ਦਾ ਹੈ। ਪੰਜਾਬ ਦੇ ਕੁਝ ਕੁ ਬਲਾਕਾਂ ਦਾ ਪਾਣੀ ਹੀ ਇਸ ਸਮੇਂ ਸਿੱਧਿਆਂ ਪੀਣ ਯੋਗ ਹੈ। ਵਧੇਰੇ ਬਲਾਕਾਂ ਦੇ ਪਾਣੀ ਵਿਚ ਘਾਤਕ ਰਸਾਇਣ ਰਲੇ ਹੋਏ ਹਨ। ਪਾਣੀ ਦਾ ਇਹ ਪ੍ਰਦੂਸ਼ਣ ਵੀ ਗੰਭੀਰ ਮਨੁੱਖੀ ਕੋਤਾਹੀਆਂ ਦਾ ਨਤੀਜਾ ਹੈ। ਪੰਜਾਬ ਦੇ ਸਾਡੇ ਆਪਣੇ ਹਿੱਸੇ ਦੇ ਦਰਿਆਵਾਂ ਕੰਢੇ ਵਸਦੇ ਸ਼ਹਿਰਾਂ ਤੇ ਕਸਬਿਆਂ ਦਾ ਰਸਾਇਣਯੁਕਤ ਪਾਣੀ ਜੋ ਕਾਰਖਾਨਿਆਂ ਵਿਚ ਵਰਤਿਆ ਜਾਂਦਾ ਹੈ, ਦਰਿਆਈ ਪਾਣੀ ਵਿਚ ਜਾ ਰਲਦਾ ਹੈ। ਫਿਰ ਇਹ ਜ਼ਹਿਰੀਲਾ ਪਾਣੀ ਨਹਿਰਾਂ-ਨਾਲਿਆਂ ਰਾਹੀਂ ਤਕਰੀਬਨ ਸਾਰੇ ਪੰਜਾਬ ਵਿਚ ਜਾ ਨਿਕਲਦਾ ਹੈ। ਇਹੋ ਪਾਣੀ ਜ਼ਮੀਨ ਹੇਠਲੇ ਪਾਣੀ ਵਿਚ ਜਾ ਮਿਲਦਾ ਹੈ। ਟਰੀਟਮੈਂਟ ਪਲਾਂਟ ਲਗਾਉਣ ਵਿਚ ਵਰਤੀਆਂ ਗਈਆਂ ਢਿੱਲਾਂ ਨੇ ਦਰਿਆਈ ਪਾਣੀਆਂ ਨੂੰ ਗੰਦਾ ਕਰ ਦਿੱਤਾ ਹੈ ਤੇ ਪਾਣੀ ਦੀ ਇਸੇ ਗੰਦਗੀ ਨੇ ਪੂਰੇ ਪੰਜਾਬ ਦੇ ਪਾਣੀਆਂ ਨੂੰ ਕਿਤੇ ਵੱਧ ਤੇ ਕਿਤੇ ਘੱਟ, ਪਰ ਗੰਦਾ ਜ਼ਰੂਰ ਕਰ ਦਿੱਤਾ ਹੈ। ਇਸ ਲਾਪ੍ਰਵਾਹੀ ਦਾ ਸਿੱਟਾ ਦੱਖਣੀ ਮਾਲਵੇ ਦੇ ਲੋਕਾਂ ਨੂੰ ਮੁੱਖ ਤੌਰ 'ਤੇ ਭੋਗਣਾ ਪੈ ਰਿਹਾ ਹੈ ਜਿੱਥੇ ਕੈਂਸਰ ਦੀ ਮਾਰੂ ਬਿਮਾਰੀ ਦਾ ਮੁੱਖ ਕਾਰਨ ਇਸ ਪ੍ਰਦੂਸ਼ਿਤ ਪਾਣੀ ਨੂੰ ਹੀ ਦੱਸਿਆ ਜਾ ਰਿਹਾ ਹੈ ਜੋ ਨਹਿਰਾਂ ਜ਼ਰੀਏ ਇਸ ਇਲਾਕੇ ਵਿਚ ਆ ਕੇ ਸਨਅਤੀ ਰਸਾਇਣਾਂ ਨੂੰ ਜ਼ਮੀਨਦੋਜ਼ ਪਾਣੀ ਵਿਚ ਮਿਲਾ ਦਿੰਦਾ ਹੈ। ਦਰਿਆਈ ਜਲ ਨੂੰ ਪ੍ਰਦੂਸ਼ਿਤ ਕਰਨ ਦਾ ਦੋਸ਼ੀ ਪਾਉਂਦਿਆਂ ਐੱਨਜੀਟੀ ਵੱਲੋਂ ਸੂਬਾ ਸਰਕਾਰ ਨੂੰ ਪੰਜਾਹ ਕਰੋੜ ਦਾ ਜੁਰਮਾਨਾ ਵੀ ਕੀਤਾ ਗਿਆ ਹੈ। ਐਨਜੀਟੀ ਨੇ ਇਕ ਤਰ੍ਹਾਂ ਨਾਲ ਪੰਜਾਬ ਦੇ ਰਵਾਇਤੀ ਸਿਆਸਤਦਾਨਾਂ ਨੂੰ ਲਾਪ੍ਰਵਾਹੀ ਲਈ ਗੰਭੀਰ ਦੋਸ਼ੀ ਪਾਇਆ ਹੈ ਜਿਨ੍ਹਾਂ ਨੇ ਜਲ ਸਰੋਤਾਂ ਦੀ ਸਾਂਭ-ਸੰਭਾਲ ਤੇ ਸੁਚੱਜੀ ਵਰਤੋਂ ਦੀ ਥਾਂ ਪਾਣੀਆਂ ਦੀ ਹੋਛੀ, ਸਸਤੀ ਤੇ ਇਸ਼ਤਿਹਾਰੀ ਕਿਸਮ ਦੀ ਰਾਜਨੀਤੀ ਕਰਨ ਨੂੰ ਹੀ ਪਹਿਲ ਦਿੱਤੀ ਹੈ। ਵਿਡੰਬਨਾ ਇਹ ਹੈ ਕਿ ਪੰਜਾਬੀਆਂ ਨੇ ਵੋਟਾਂ ਪਾ ਕੇ ਅਜਿਹੇ ਸਿਆਸੀ ਆਗੂਆਂ ਨੂੰ ਪਾਣੀਆਂ ਦੇ ਰਾਖਿਆਂ ਦੇ 'ਪ੍ਰਮਾਣ-ਪੱਤਰ' ਵੀ ਦਿੱਤੇ ਹਨ। ਪਾਣੀਆਂ ਦੀ ਮੌਜੂਦਾ ਸਥਿਤੀ ਦੇ ਸਨਮੁਖ ਇਨ੍ਹਾਂ ਪ੍ਰਮਾਣ-ਪੱਤਰਾਂ ਉਪਰ ਮੁੜ ਗੌਰ ਕਰਨਾ ਜ਼ਰੂਰੀ ਹੋ ਗਿਆ ਹੈ। ਐੱਨਜੀਟੀ ਦੇ ਝਟਕੇ ਦਾ ਫੌਰੀ ਪ੍ਰਤੀਕਰਮ ਹੀ ਹੈ ਕਿ ਹੁਣ ਪੰਜਾਬ ਸਰਕਾਰ ਨੂੰ 'ਪੰਜਾਬ ਜਲ ਸਰੋਤ ਬਿਲ 2018' ਦਾ ਖਰੜਾ ਤਿਆਰ ਕਰਨਾ ਪਿਆ ਹੈ ਜਿਸ ਅਨੁਸਾਰ ਪੰਜਾਬ ਵਾਟਰ ਰੈਗੂਲੇਸ਼ਨ ਐਂਡ ਡਿਵੈਲਪਮੈਂਟ ਅਥਾਰਟੀ ਦਾ ਗਠਨ ਹੋਵੇਗਾ। ਇਹ ਪੀਣ ਵਾਲੇ, ਘਰੇਲੂ, ਵਪਾਰਕ ਜਾਂ ਉਦਯੋਗਿਕ ਵਰਤੋਂ ਲਈ ਪਾਣੀਆਂ ਦੀਆਂ ਦਰਾਂ ਤਾਂ ਨਿਸ਼ਚਿਤ ਕਰੇਗੀ ਹੀ, ਨਾਲ ਹੀ ਮੁੱਖ ਉਦੇਸ਼ ਵਜੋਂ ਇਹ ਪੰਜਾਬ ਦੇ ਜਲ ਸਰੋਤਾਂ ਦੀ ਵਰਤੋਂ ਅਤੇ ਪ੍ਰਬੰਧ ਨੂੰ ਢੁਕਵੇਂ ਅਤੇ ਤਰਕਸੰਗਤ ਢੰਗ ਨਾਲ ਯਕੀਨੀ ਬਣਾਵੇਗੀ। ਇਸ ਬਿਲ ਬਾਰੇ ਕਈ ਤਰ੍ਹਾਂ ਦੇ ਪ੍ਰਤੀਕਰਮ ਹੋ ਸਕਦੇ ਹਨ। ਇਸ ਨੂੰ ਦੇਰ ਨਾਲ ਉਠਾਇਆ ਗਿਆ ਦਰੁਸਤ ਕਦਮ ਕਿਹਾ ਜਾ ਸਕਦਾ ਹੈ। ਜ਼ਰਾ ਹਿਰਖ਼ ਨਾਲ ਇਹ ਵੀ ਕਿਹਾ ਜਾ ਸਕਦਾ ਹੈ ਕਿ 'ਈਦ ਪਿੱਛੋਂ ਹੁਣ ਤੰਬਾ ਫੂਕਣਾ ਹੈ?' ਪਾਣੀਆਂ ਨੂੰ ਭੰਡਾਰਾਂ ਅਤੇ ਗੁਣਵੱਤਾ ਦੇ ਮਾਮਲੇ ਵਿਚ ਸੁਰੱਖਿਅਤ ਰੱਖਣ ਦਾ ਵਕਤ ਸ਼ਾਇਦ ਅਸੀਂ ਖੁੰਝਾ ਬੈਠੇ ਹਾਂ। ਜ਼ਮੀਨ ਹੇਠਲੇ ਪਾਣੀ ਦੇ ਖਾਤਮੇ ਲਈ ਇਕੱਲੀ ਝੋਨੇ ਦੀ ਫ਼ਸਲ ਹੀ ਕਾਫ਼ੀ ਹੈ। ਇਹ ਫ਼ਸਲ ਐਨੀ ਧੜੱਲੇਦਾਰ ਬਣਾ ਦਿੱਤੀ ਗਈ ਹੈ ਕਿ ਇਸ ਦਾ ਕੋਈ ਲਾਭਕਾਰੀ ਬਦਲ ਪੇਸ਼ ਕਰਨ ਲਈ ਕੋਈ ਵੀ ਧਿਰ ਅੱਗੇ ਆਉਣ ਲਈ ਤਿਆਰ ਨਹੀਂ। ਸਰਕਾਰ ਵਿਚ ਅਫ਼ਸਰਸ਼ਾਹੀ ਦਾ ਬੋਲਬਾਲਾ ਹੈ ਜਿਸ ਕੋਲ ਜਲ ਸਰੋਤਾਂ ਵਾਲੇ ਸੰਵੇਦਨਸ਼ੀਲ ਮਸਲਿਆਂ ਨੂੰ ਨਜਿੱਠਣ ਵਾਲੀ ਮਾਨਸਿਕਤਾ ਹੀ ਨਹੀਂ ਹੈ। ਸਿਆਸਤਦਾਨ ਮੁੱਦਿਆਂ ਦੇ ਸੰਭਾਵਿਤ ਹੱਲ ਦੀ ਥਾਂ ਇਨ੍ਹਾਂ ਦੇ ਸਿਆਸੀਕਰਨ ਵਿਚ ਜ਼ਿਆਦਾ ਦਿਲਚਸਪੀ ਦਿਖਾਉਂਦੇ ਹਨ ਤੇ ਅਕਸਰ ਹੀ ਗ਼ੈਰ-ਜ਼ਿੰਮੇਵਾਰਾਨਾ ਲੱਫ਼ਾਜ਼ੀ ਰਾਹੀਂ ਇਨ੍ਹਾਂ ਨੂੰ ਉਲਝਾਉਂਦੇ ਹਨ। ਇਸ ਲਈ ਸਰਕਾਰਾਂ ਝੋਨੇ ਦਾ ਬਦਲ ਲਿਆਉਣ ਲਈ ਕੋਈ ਉਤਸ਼ਾਹਜਨਕ ਮਾਹੌਲ ਤਿਆਰ ਨਹੀਂ ਕਰ ਸਕੀਆਂ। ਜਿਵੇਂ ਕਿ ਉਪਰ ਵੀ ਜ਼ਿਕਰ ਕੀਤਾ ਗਿਆ ਹੈ ਕਿ ਦਰਿਆਵਾਂ ਦੇ ਕੰਢਿਆਂ ਉਪਰ ਪੈਂਦੇ ਸ਼ਹਿਰਾਂ ਤੇ ਕਸਬਿਆਂ ਵਿਚਲੇ ਕਾਰਖਾਨਿਆਂ ਦੇ ਰਸਾਇਣਯੁਕਤ ਤਰਲ ਪਦਾਰਥਾਂ ਦੀ ਦਰਿਆਵਾਂ ਵਿਚ ਨਿਕਾਸੀ ਨੇ ਇਨ੍ਹਾਂ ਦਾ ਪਾਣੀ ਪਲੀਤ ਕਰ ਦਿੱਤਾ ਹੈ। ਇਹ ਕਾਰਖਾਨੇ ਰਸੂਖਵਾਨ ਲੋਕਾਂ ਦੇ ਹਨ ਜਿਹੜੇ ਆਪਣੇ ਪ੍ਰਦੂਸ਼ਿਤ ਪਾਣੀ ਆਦਿ ਨੂੰ ਅਣਸੋਧੇ ਰੂਪ ਵਿਚ ਹੀ ਦਰਿਆਵਾਂ ਵਿਚ ਜਾਣ ਦਿੰਦੇ ਹਨ। ਆਪਣੇ ਪ੍ਰਦੂਸ਼ਿਤ ਪਾਣੀ ਦੇ ਨਿਪਟਾਰੇ ਸਬੰਧੀ ਜਿਹੜੇ ਮਾਪਦੰਡ ਇਨ੍ਹਾਂ ਲਈ ਮਿੱਥੇ ਗਏ ਹਨ, ਇਹ ਸ਼ਰੇਆਮ ਉਨ੍ਹਾਂ ਦੀਆਂ ਧੱਜੀਆਂ ਉਡਾ ਰਹੇ ਹਨ। ਇਨ੍ਹਾਂ ਨੂੰ ਅਜਿਹਾ ਕਰਨੋਂ ਕੌਣ ਰੋਕੇਗਾ? ਸ਼ਾਇਦ ਹਾਲ ਦੀ ਘੜੀ ਕੋਈ ਨਹੀਂ ਕਿਉਂਕਿ ਇਹ ਤਾਂ ਖ਼ੁਦ 'ਪਹੁੰਚ ਵਾਲੇ' ਹਨ।

# ਸਾਡੇ ਸਮਾਜ ਦੀਆਂ ਜੋਕਾਂ, ਜੋਤਸ਼ੀ, ਤਾਂਤਰਿਕ, ਬਾਬੇ ਅਤੇ ਵਾਸਤੂ ਸ਼ਾਸ਼ਤਰ ਵਾਲੇ




ਕੁਝ ਦਿਨ ਪਹਿਲਾਂ ਇਹ ਖਬਰ ਆਈ ਹੈ ਕਿ ਮਹਾਰਾਸ਼ਟਰ ਦੇ ਇੱਕ ਠੱਗ ਜੋਤਸ਼ੀ ਨੇ ਸੈਂਕੜੇ ਔਰਤਾਂ ਨਾਲ ਸਰੀਰਕ ਸਬੰਧ ਬਣਾਏ ਹਨ। ਸਬੰਧ ਤਾਂ ਬਣਾਏ ਹੀ ਨਾਲ ਉਨ੍ਹਾਂ ਦੀਆਂ ਵੀਡੀਉ ਵੀ ਬਣਾ ਲਈਆਂ। ਮਹਾਰਾਸ਼ਟਰ ਦੀ ਮਹਿਲਾ ਕਮਿਸ਼ਨ ਦੀ ਚੇਅਰਮੈਨ ਵੀ ਉਸ ਦੇ ਪੰਜਿਆਂ ਤੋਂ ਨਹੀਂ ਬਚ ਸਕੀ। ਲੋਕ ਰੋਜ਼ਾਨਾ ਜੋਤਸ਼ੀਆਂ-ਤਾਂਤਰਿਕਾਂ ਦੇ ਕਹਿਣ 'ਤੇ ਹਜ਼ਾਰਾਂ ਮਣ ਨਾਰੀਅਲ, ਹਵਨ ਦੀ ਸਵਾਹ, ਦੇਵੀ-ਦੇਵਤਿਆਂ ਦੀਆਂ ਮੂਰਤੀਆਂ, ਮਰਨ ਵਾਲਿਆਂ ਦੀਆਂ ਅਸਥੀਆਂ, ਧਾਰਮਿਕ ਸਮਾਗਮਾਂ ਦਾ ਰਹਿੰਦ ਖੂੰਹਦ, ਕੋਲੇ, ਸਿੱਕਾ ਅਤੇ ਪੈਸੇ ਨਦੀਆਂ ਨਾਲਿਆਂ ਵਿੱਚ ਸੁੱਟਦੇ ਰਹਿੰਦੇ ਹਨ। ਹਰੇਕ ਧਾਰਮਿਕ ਚੀਜ ਨੂੰ ਜਲ ਪ੍ਰਵਾਹ ਕਰਨ ਦੀ ਘਟੀਆ ਰਵਾਇਤ ਨੇ ਭਾਰਤ ਦੇ ਪਾਣੀਆਂ ਨੂੰ ਬਰਬਾਦ ਕਰ ਕੇ ਰੱਖ ਦਿੱਤਾ ਹੈ। ਇਨ੍ਹਾਂ ਜੋਤਸ਼ੀਆਂ ਨੇ ਕਿਸਾਨਾਂ ਨੂੰ ਵੀ ਬਹੁਤ ਦੁਖੀ ਕੀਤਾ ਹੋਇਆ ਹੈ। ਰੋਜ ਨਹਿਰਾਂ, ਕੱਸੀਆਂ ਅਤੇ ਮੋਘਿਆਂ ਦਾ ਪਾਣੀ ਨਾਰੀਅਲ ਤੇ ਹੋਰ ਧਾਰਮਿਕ ਗੰਦ ਮੰਦ ਫਸਣ ਕਾਰਨ ਜਾਮ ਹੋ ਜਾਂਦਾ ਹੈ। ਸਾਡੇ ਜੰਮਣ ਤੋਂ ਲੈ ਕੇ ਮਰਨ ਤੱਕ ਦੇ ਬਹੁਤੇ ਕ੍ਰਿਆ ਕਰਮ ਹਵਾ ਅਤੇ ਪਾਣੀ ਨੂੰ ਬੁਰੀ ਤਰਾਂ ਪ੍ਰਦੂਸ਼ਿਤ ਕਰਨ ਵਾਲੇ ਹਨ। ਇੱਕ ਆਮ ਭਾਰਤੀ ਦੇ ਜੀਵਨ ਕਾਲ ਵਿੱਚ ਅਨੇਕਾਂ ਹਵਨ, ਯੱਗ, ਪਾਠ ਆਦਿ ਕੀਤੇ ਜਾਂਦੇ ਹਨ ਜਿਨ੍ਹਾਂ ਦੌਰਾਨ ਕਰੋੜਾਂ ਟਨ ਲੱਕੜਾਂ, ਘਿਉ ਅਤੇ ਹੋਰ ਖਾਣ ਯੋਗ ਸਮੱਗਰੀ ਫੂਕ ਦਿੱਤੀ ਜਾਂਦੀ ਹੈ। ਹੁਣ ਅੱਗ ਵਿੱਚ ਘਿਉ ਸਾੜਨ ਜਾਂ ਪਾਣੀ ਵਿੱਚ ਨਾਰੀਅਲ ਰੋੜ੍ਹਨ ਨਾਲ ਰੱਬ ਕਿਵੇਂ ਖ਼ੁਸ਼ ਹੋ ਸਕਦਾ ਹੈ? ???? ਦੀਆਂ ਪਾਰਲੀਮੈਂਟ ਚੋਣਾਂ ਸਮੇਂ ਮੱਧ ਪ੍ਰਦੇਸ਼ ਦੇ ਇੱਕ ਪਖੰਡੀ ਬਾਬੇ ਨੇ ਇੱਕ ਨੇਤਾ ਨੂੰ ਜਿਤਾਉਣ ਲਈ ਭੁਪਾਲ ਵਿਖੇ ਹਵਨ ਕਰ ਕੇ ਕਈ ਮਣ ਲਾਲ ਮਿਰਚਾਂ ਸਾੜ ਸੁੱਟੀਆਂ ਸਨ। ਨਾਲ ਹੀ ਐਲਾਨ ਕੀਤਾ ਕਿ ਜੇ ਇਹ ਨੇਤਾ ਨਾ ਜਿੱਤਿਆ ਤਾਂ ਮੈਂ ਆਤਮ ਦਾਹ ਕਰ ਲਵਾਂਗਾ। ਪਰ ਜਦੋਂ ਉਹ ਨੇਤਾ ਹਾਰ ਗਿਆ ਤਾਂ ਬਾਬਾ ਪੂਰੀ ਬੇਸ਼ਰਮੀ ਨਾਲ ਮਰਨ ਤੋਂ ਮੁੱਕਰ ਗਿਆ। ਜਦੋਂ ਵੀ ਕੋਈ ਭਾਰਤੀ ਮਰਦਾ ਹੈ ਤਾਂ ਚਿਤਾ ਦੇ ਰੂਪ ਵਿੱਚ ?-? ਕੁਵਿੰਟਲ ਲੱਕੜਾਂ ਨਾਲ ਲੈ ਹੀ ਜਾਂਦਾ ਹੈ, ਦਰਖਤ ਭਾਵੇਂ ਉਸ ਨੇ ਸਾਰੀ ਉਮਰ ਕੋਈ ਨਾ ਲਗਾਇਆ ਹੋਵੇ।

ਭਾਰਤ ਵਿੱਚ ਜੋਤਸ਼ੀਆਂ-ਤਾਂਤਰਿਕਾਂ ਨੇ ਲੋਕਾਂ ਨੂੰ ਬੁਰੀ ਤਰਾਂ ਵਹਿਮਾਂ ਭਰਮਾਂ ਵਿੱਚ ਜਕੜਿਆ ਹੋਇਆ ਹੈ। ਕਈ ਲੋਕ ਐਨੇ ਵਹਿਮੀ ਹਨ ਕਿ ਜੋਤਸ਼ੀ ਨੂੰ ਪੁੱਛੇ ਬਗੈਰ ਬਾਥਰੂਮ ਤੱਕ ਨਹੀਂ ਜਾਂਦੇ। ਭਾਰਤ ਵਿੱਚ ਜੋਤਿਸ਼, ਤਾਂਤਰਿਕ, ਵਾਸਤੂ ਕਲਾ, ਪੁੱਛਾਂ ਦੇਣੀਆਂ ਅਤੇ ਭੂਤ ਕੱਢਣੇ ਕਰੋੜਾਂ ਦਾ ਕਾਰੋਬਾਰ ਬਣ ਚੁੱਕਾ ਹੈ। ਅਸੀਂ ਸਦੀਆਂ ਤੋਂ ਪਖੰਡਵਾਦ ਵਿੱਚ ਵਰਲਡ ਚੈਂਪੀਅਨ ਹਾਂ। ਜੇ ਅੰਗਰੇਜ਼ਾਂ ਨੇ ਕੰਪਿਊਟਰ ਬਣਾਇਆ ਤਾਂ ਅਸੀਂ ਵੱਖ ਵੱਖ ਧਰਮ ਅਤੇ ਦੇਵੀ ਦੇਵਤੇ ਬਣਾਏ। ਉਨ੍ਹਾਂ ਨੇ ਧਰਤੀ ਵਿੱਚੋਂ ਡੀਜ਼ਲ ਪੈਟਰੌਲ ਲੱਭਿਆ ਤਾਂ ਅਸੀਂ ਪੀਰਾਂ ਬਾਬਿਆਂ ਦੀਆਂ ਕਬਰਾਂ ਲੱਭੀਆਂ। ਉਹਨਾਂ ਨੇ ਹਵਾਈ ਜਹਾਜ਼ ਉਡਾਏ ਤਾਂ ਅਸੀਂ ਪੂਛੋਂ ਪਕੜ ਕੇ ਹਾਥੀ ਅਸਮਾਨ ਵਿੱਚ ਉਡਾ ਦਿੱਤੇ ਜੋ ਅੱਜ ਤੱਕ ਵਾਪਸ ਨਹੀਂ ਆਏ, ਹੋ ਸਕਦਾ ਸ਼ੁੱਕਰ ਗ੍ਰਹਿ 'ਤੇ ਘਾਹ ਚਰਦੇ ਹੋਣ। ਉਹਨਾਂ ਦੀਆਂ ਔਰਤਾਂ ਉਲੰਪਿਕ ਵਿੱਚ ਖੇਡਦੀਆਂ ਹਨ ਤਾਂ ਭਾਰਤੀ ਔਰਤਾਂ ਬਾਬਿਆਂ, ਸਾਧਾਂ ਤੇ ਤਾਂਤਰਿਕਾਂ ਕੋਲ ਖੇਡਦੀਆਂ ਹਨ। ਜੇ ਅੰਗਰੇਜ਼ਾਂ ਨੇ ਸਰਚ ਕਰਨ ਲਈ ਗੂਗਲ ਬਣਾਇਆ ਤਾਂ ਸਾਡੇ ਕੋਲ ਨਿਰਮਲ ਤੇ ਬਗੇਸ਼ਵਰ ਬਾਬਾ ਹੈ ਜੋ ਸਭ ਕੁਝ ਪਹਿਲਾਂ ਹੀ ਦੱਸ ਦਿੰਦਾ ਹੈ।

ਵਾਸਤੂ ਸ਼ਾਸ਼ਤਰ ਵੀ ਬਹੁਤ ਵੱਡਾ ਪਖੰਡ ਹੈ। ਮੂਰਖ ਲੋਕ ਇਹਨਾਂ ਦੇ ਕਹਿਣ 'ਤੇ ਚੰਗੀਆਂ ਭਲੀਆਂ ਕੋਠੀਆਂ ਤੇ ਦਫਤਰ ਤੋੜ ਦਿੰਦੇ ਹਨ। ਖਾਸ ਤੌਰ 'ਤੇ ਸਿਆਸੀ ਲੋਕ ਮੰਤਰੀ ਬਣਦੇ ਸਾਰ ਪਹਿਲਾਂ ਸਰਕਾਰੀ ਕੋਠੀ ਅਤੇ ਦਫਤਰ ਦੀ ਤੋੜ ਭੰਨ ਹੀ ਕਰਵਾਉਂਦੇ ਹਨ, ਸਰਕਾਰੀ ਪੈਸਾ ਜੋ ਲੱਗਣਾ ਹੋਇਆ। ਵੈਸੇ ਸ਼ਰਾਬ ਦਾ ਠੇਕਾ ਭਾਵੇਂ ਮੜ੍ਹੀਆਂ ਵਿੱਚ ਰੱਖ ਲਉ, ਉਸ ਦਾ ਮੂੰਹ ਚੜ੍ਹਦੇ, ਲਹਿੰਦੇ, ਉੱਤਰ ਜਾਂ ਦੱਖਣ ਵੱਲ ਰੱਖ ਲਉ, ਉਸ ਨੇ ਕਾਮਯਾਬ ਹੋਣਾ ਹੀ ਹੈ। ਉਸ 'ਤੇ ਕੋਈ ਵਾਸਤੂ ਸ਼ਾਸ਼ਤਰ ਨਿਯਮ ਲਾਗੂ ਨਹੀਂ ਹੁੰਦਾ। ਕੀ ਵਾਸਤੂ ਸ਼ਾਸ਼ਤਰ ਮੁਤਾਬਕ ਬਣੇ ਘਰਾਂ ਵਿੱਚ ਮੌਤ ਜਾਂ ਬਿਮਾਰੀ ਨਹੀਂ ਆਉਂਦੀ? ਚੰਡੀਗੜ੍ਹ ਦੇ ਵਹਿਮੀ ਆਰਕੀਟੈਕਟ ਲੀ ਕਰਬੂਜ਼ੀਏ ਨੇ ??ਨੰਬਰ ਸੈਕਟਰ ਨਹੀਂ ਬਣਾਇਆ ਕਿਉਂਕਿ ਪੱਛਮੀ ਦੇਸ਼ਾਂ ਵਿੱਚ ??ਨੰਬਰ ਨੂੰ ਮਨਹੂਸ ਸਮਝਿਆ ਜਾਂਦਾ ਹੈ। ਤਾਂ ਕੀ ਚੰਡੀਗੜ੍ਹ ਵਿੱਚ ਕੋਈ ਜ਼ੁਰਮ ਨਹੀਂ ਹੁੰਦੇ ਜਾਂ ਹਮੇਸ਼ਾਂ ਸ਼ਾਂਤੀ ਬਣੀ ਰਹਿੰਦੀ ਹੈ? ਇਥੇ ਤਾਂ ਸਗੋਂ ਰੋਜ ਬੇਰੋਜ਼ਗਾਰਾਂ 'ਤੇ ਡਾਂਗ ਖੜਕਦੀ ਹੈ। ਕੁਦਰਤੀ ਆਫਤਾਂ ਆਉਣ 'ਤੇ ਵਾਸਤੂ ਸ਼ਾਸ਼ਤਰ ਵਾਲਾ ਮਕਾਨ ਵੀ ਬਾਕੀ ਮਕਾਨਾਂ ਵਾਂਗ ਹੀ ਤਬਾਹ ਹੋ ਜਾਂਦਾ ਹੈ। ਅੱਜ ਤੱਕ ਕਦੀ ਕਿਸੇ ਜੋਤਸ਼ੀ ਨੇ ਸੁਨਾਮੀ, ਭੁਚਾਲ, ਹੜ੍ਹ ਅਤੇ ਜੰਗ ਆਦਿ ਦੀ ਭਵਿੱਖਬਾਣੀ ਨਹੀਂ ਕੀਤੀ। ਕੁਦਰਤੀ ਆਫਤਾਂ ਆਉਣ 'ਤੇ ਸੈਂਕੜੇ ਜੋਤਸ਼ੀ ਤੇ ਤਾਂਤਰਿਕ ਵੀ ਆਮ ਲੋਕਾਂ ਦੇ ਨਾਲ ਹੀ ਮਾਰੇ ਜਾਂਦੇ ਹਨ। ਜੇ ਜੋਤਿਸ਼ ਸੱਚ ਹੁੰਦਾ ਤਾਂ ਟੇਵੇ, ਲਗਨ ਅਤੇ ਕੁੰਡਲੀਆਂ ਮਿਲਾ ਕੇ ਕਰਵਾਏ ਗਏ ਸਾਰੇ ਵਿਆਹ ਸਫਲ ਹੁੰਦੇ, ਕਦੇ ਵੀ ਤਲਾਕ ਨਾ ਹੁੰਦਾ। ਅੱਜ ਤੱਕ ਕੋਈ ਜੋਤਸ਼ੀ, ਤਾਂਤਰਿਕ ਜਾ ਬਾਬਾ ਤਰਕਸ਼ੀਲਾਂ ਵੱਲੋਂ ਰੱਖਿਆ ਲੱਖਾਂ ਦਾ ਇਨਾਮ ਕਿਉਂ ਨਹੀਂ ਜਿੱਤ ਸਕਿਆ? ਕਈ ਥਾਵਾਂ 'ਤੇ ਜੋਤਸ਼ੀਆਂ ਨੇ ਇਹ ਕਹਿ ਕੇ ਕਿ ਤੇਰੇ ਘਰ ਫਲਾਣੇ ਨੇ ਟੂਣਾ ਕੀਤਾ ਹੈ, ਕਤਲ ਤੱਕ ਕਰਵਾ ਦਿੱਤੇ ਹਨ। ਕਿਸੇ ਨੂੰ ਵੱਸ ਕਰਨ ਵਾਲਾ ਕੋਈ ਤਵੀਤ ਨਹੀਂ ਹੁੰਦਾ, ਨਹੀਂ ਲੋਕ ਪ੍ਰਧਾਨ ਮੰਤਰੀ ਨੂੰ ਵੱਸ ਵਿੱਚ ਕਰ ਕੇ ਕਿਸੇ ਸਟੇਟ ਦੇ ਗਵਰਨਰ ਲੱਗ ਜਾਂਦੇ। ਜੇ ਨਜ਼ਰ ਲੱਗਣ ਨਾਲ ਨੁਕਸਾਨ ਹੋ ਸਕਦਾ ਹੁੰਦਾ ਤਾਂ ਟਾਟਾ, ਬਿਰਲਾ ਤੇ ਅੰਬਾਨੀ ਕਦੇ ਦਾ ਸੜਕਾਂ 'ਤੇ ਆ ਜਾਂਦੇ। ਜੇ ਜੋਤਸ਼ੀਆਂ-ਤਾਂਤਰਿਕਾਂ ਦੇ ਉਪਾਵਾਂ ਵਿੱਚ ਸ਼ਕਤੀ ਹੁੰਦੀ ਤਾਂ ਇਨ੍ਹਾਂ ਦੇ ਆਪਣੇ ਬੱਚੇ ਕਰੋੜਪਤੀ ਹੁੰਦੇ। ਜੇ ਧਾਰਮਿਕ ਗ੍ਰੰਥਾਂ ਦਾ ਤੋਤਾ ਰਟੰਤ ਕਰਨ ਨਾਲ ਰੱਬ ਮਿਲਦਾ ਹੁੰਦਾ ਤਾਂ ਸਾਰੇ ਪੰਡਤਾਂ, ਗ੍ਰੰਥੀਆਂ, ਮੌਲਵੀਆਂ ਤੇ ਪਾਦਰੀਆਂ ਦਾ ਰੱਬ ਨਾਲ ਚਾਹ ਪਾਣੀ ਸਾਂਝਾ ਹੋਣਾ ਸੀ। ਸੂਰਜ ਨੂੰ ਚੜ੍ਹਾਇਆ ਪਾਣੀ ਉਥੇ ਪਹੁੰਚ ਜਾਂਦਾ ਤਾਂ ਹੁਣ ਤੱਕ ਸੂਰਜ ਠੰਡਾ ਹੋ ਜਾਣਾ ਸੀ। ਪਖੰਡੀਆਂ ਵਿੱਚੋਂ ਸਭ ਤੋਂ ਵੱਧ ਬੇਰਹਿਮ ਤਾਂਤਰਿਕ ਹੁੰਦੇ ਹਨ। ਚੰਗੇ ਭਲੇ ਘਰਾਂ ਦੀਆਂ ਔਰਤਾਂ ਇਨ੍ਹਾਂ ਮੁਸ਼ਟੰਡਿਆਂ ਸਾਹਮਣੇ ਸਿਰ ਮਾਰ ਮਾਰ ਕੇ ਖੇਡਦੀਆਂ ਹਨ, ਕਈ ਤਾਂ ਇੱਜ਼ਤ ਤੱਕ ਲੁਟਾ ਬੈਠਦੀਆਂ ਹਨ। ਇਹ ਭੂਤ ਕੱਢਣ ਦੇ ਨਾਮ 'ਤੇ ਮਾਨਸਿਕ ਤੌਰ 'ਤੇ ਬਿਮਾਰ ਵਿਅਕਤੀਆਂ ਨੂੰ ਬੁਰੀ ਤਰਾਂ ਕੁੱਟਦੇ ਹਨ। ਵਿਚਾਰਾ ਮਰੀਜ਼ ਡਰ ਦਾ ਮਾਰਾ ਹੀ ਕਹਿ ਦਿੰਦਾ ਹੈ ਕਿ ਮੈਂ ਫਲਾਣੇ ਦਾ ਭੂਤ ਹਾਂ ਤੇ ਇਸ ਨੂੰ ਛੱਡ ਕੇ ਜਾ ਰਿਹਾ ਹਾਂ। ਭੂਤ ਨੂੰ ਕਿਸੇ ਦੀ ਅਤ੍ਰਿਪਤ ਆਤਮਾ ਮੰਨਿਆਂ ਜਾਂਦਾ ਹੈ। ਜਦੋਂ ਆਤਮਾ ਮਰ ਹੀ ਨਹੀਂ ਸਕਦੀ ਤਾਂ ਤਾਂਤਰਿਕ ਵੱਲੋਂ ਕੀਤੀ ਕੁਟਾਈ ਦਾ ਭੂਤ 'ਤੇ ਕੀ ਅਸਰ ਹੋਣਾ ਹੈ? ਨਾਲੇ ਭੂਤ ਨੇ ਜੇ ਚੰਬੜਨਾ ਹੀ ਹੈ ਤਾਂ ਅਮਰੀਕਾ ਜਾ ਕੇ ਕਿਸੇ ਗੋਰੇ ਗੋਰੀ ਨੂੰ ਚੰਬੜੇ, ਐਵੇਂ ਗੁਆਂਢ ਦੀ ਝੁੱਗੀ ਵਿੱਚ ਕਿਸੇ ਗਰੀਬ ਔਰਤ ਨੂੰ ਚੰਬੜ ਕੇ ਗਰਮੀ ਨਾਲ ਮਰਨ ਦਾ ਕੀ ਫਾਇਦਾ? ਤਾਂਤਰਿਕ ਲੋਕਾਂ ਨੂੰ ਕੰਮ ਸਿੱਧ ਕਰਨ, ਇਸ਼ਕ ਸਫਲ ਕਰਨ, ਦੁਸ਼ਮਣ-ਸੌਂਕਣ ਖਤਮ ਕਰਨ ਅਤੇ ਦੱਬੇ ਖਜ਼ਾਨੇ ਪੁਟਾਉਣ ਦੇ ਨਾਮ 'ਤੇ ਰੱਜ ਕੇ ਲੁੱਟਦੇ ਹਨ। ਕਈ ਅਖਬਾਰਾਂ ਵਿੱਚ ਲੁਧਿਆਣੇ ਦੇ ਤਾਂਤਰਿਕਾਂ ਦੇ ਇਸ਼ਤਿਹਾਰ ਆਉਂਦੇ ਹਨ ਜੋ ਸ਼ਰੇਆਮ ਦੁਸ਼ਮਣ ਨੂੰ ਖਤਮ ਕਰਨ ਦੀ ਗਰੰਟੀ ਦਿੰਦੇ ਹਨ। ਇਹਨਾਂ ਦੇ ਕਹਿਣ 'ਤੇ ਵਹਿਮੀ ਔਰਤਾਂ ਔਲਾਦ ਪ੍ਰਾਪਤ ਕਰਨ ਲਈ ਦੂਸਰਿਆਂ ਦੇ ਬੱਚਿਆਂ ਦੀ ਬਲੀ ਤੱਕ ਦੇ ਦਿੰਦੀਆਂ ਹਨ।

ਕਈ ਸਾਲ ਪਹਿਲਾਂ ਮੈਂ ਕਿਸੇ ਥਾਣੇ ਦਾ ਐਸ.ਐਚ.ਉ. ਲੱਗਾ ਹੋਇਆ ਸੀ। ਉਥੇ ਕੋਈ ਵਹਿਮੀ ਵਿਅਕਤੀ ਥਾਣੇ ਦੇ ਮੁੰਸ਼ੀ ਦਾ ਦੋਸਤ ਸੀ। ਉਸ ਨੂੰ ਕਿਸੇ ਜੋਤਸ਼ੀ ਨੇ ਭਰਮ ਪਾ ਦਿੱਤਾ ਕਿ ਤੇਰੀ ਕੁੰਡਲੀ ਵਿੱਚ ਜੇਲ੍ਹ ਯਾਤਰਾ ਲਿਖੀ ਹੈ, ਇਸ ਲਈ ਜਲਦੀ ਕਿਸੇ ਹਵਾਲਾਤ ਵਿੱਚ ਦੋ ਚਾਰ ਘੰਟੇ ਕੱਟ ਲੈ, ਤੇਰਾ ਕਸ਼ਟ ਟਲ ਜਾਵੇਗਾ। ਉਹ ਆਪਣੇ ਦੋਸਤ ਮੁੰਸ਼ੀ ਦੇ ਤਰਲੇ ਵਾਸਤੇ ਪਾ ਕੇ ਕੁਝ ਸਮੇਂ ਲਈ ਥਾਣੇ ਦੀ ਹਵਾਲਾਤ ਵਿੱਚ ਵੜ ਗਿਆ। ਥੋੜ੍ਹੀ ਦੇਰ ਬਾਅਦ ਹੀ ਉਸ ਮੁੰਸ਼ੀ ਦੀ ਡਿਊਟੀ ਬਦਲ ਗਈ ਤੇ ਰਾਤ ਵਾਲਾ ਨਵਾਂ ਮੁੰਸ਼ੀ ਆ ਗਿਆ। ਦਿਨ ਵਾਲਾ ਮੁੰਸ਼ੀ ਵਹਿਮੀ ਨੂੰ ਬਾਹਰ ਕੱਢਣਾ ਭੁੱਲ ਗਿਆ ਤੇ ਆਪਣੇ ਪਿੰਡ ਜਾ ਕੇ ਅਰਾਮ ਨਾਲ ਸੌਂ ਗਿਆ। ਵਹਿਮੀ ਰਾਤ ਨੂੰ ਚੀਕਾਂ ਮਾਰੇ ਕਿ ਮੈਨੂੰ ਬਾਹਰ ਕੱਢੋ। ਰਾਤ ਵਾਲਾ ਮੁੰਸ਼ੀ ਡਰਦਾ ਮਾਰਾ ਕੱਢੇ ਨਾ ਕਿ ਖੌਰੇ ਇਹ ਮੁਲਜ਼ਮ ਕਿਹੜੇ ਕੇਸ ਵਿੱਚ ਆਇਆ ਹੈ? ਵਿਚਾਰੇ ਨੂੰ ਸਾਰੀ ਰਾਤ ਹਵਾਲਾਤ ਵਿੱਚ ਮੱਛਰਾਂ-ਖਟਮਲਾਂ ਨਾਲ ਯੁੱਧ ਕਰਦੇ ਹੋਏ ਗੁਜ਼ਾਰਨੀ ਪਈ। ਵਹਿਮ ਜਿੰਨੇ ਵਧਾਈ ਜਾਉਗੇ, ਉਨੇ ਵਧੀ ਜਾਣਗੇ। ਇਸ ਲਈ ਆਪਣੀ ਮਿਹਨਤ ਅਤੇ ਲਗਨ ਨਾਲ ਕੰਮ ਕਰਦੇ ਜਾਉ, ਸਫਲਤਾ ਜਰੂਰ ਕਦਮ ਚੁੰਮੇਗੀ।

**ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)**
**ਪੰਡੋਰੀ ਸਿੱਧਵਾਂ**

# ਪੰਜਾਬੀ ਫਿਲਮਾਂ 'ਚੋਂ .ਗੈਰਹਾਜ਼ਰ ਹਾਸ਼ੀਆਗਤ ਔਰਤ

ਪੰਜਾਬੀ ਸਿਨਮਾ ਅਜੇ ਵੀ ਵਿੱਤੀ ਪੱਖੋਂ ਜੂਝ ਰਿਹਾ ਹੈ। ਇਸ ਨੂੰ ਪੈਰਾਂ ਸਿਰ ਹੋਣ ਲਈ ਬਹੁਤ ਸੰਘਰਸ਼ ਕਰਨਾ ਪੈ ਰਿਹਾ ਹੈ। ਹਰ ਸਾਲ ਧੜਾਧੜ ਫਿਲਮਾਂ ਬਣਦੀਆਂ ਹਨ, ਪਰ ਸਫ਼ਲ ਬਹੁਤ ਥੋੜ੍ਹੀਆਂ ਹੁੰਦੀਆਂ ਹਨ। ਉਂਜ, ਬਾਹਰੀ ਤੌਰ 'ਤੇ ਇਹ ਸਭ ਬੜਾ ਚਮਕ-ਦਮਕ ਵਾਲਾ ਲੱਗਦਾ ਹੈ।

ਦੇਸ਼ 'ਚ ਮਰਾਠੀ, ਮਲਿਆਲੀ, ਬੰਗਾਲੀ ਤੇ ਅਸਾਮੀ ਸਿਨਮਾ ਦੀ ਆਪਣੀ ਵਿਲੱਖਣ ਪਛਾਣ ਹੈ। ਇਨ੍ਹਾਂ ਸੂਬਿਆਂ ਦੀਆਂ ਭਾਸ਼ਾਈ ਫਿਲਮਾਂ ਵਿਸ਼ਾ ਵਸਤੂ ਪੱਖੋਂ ਵੀ ਬਿਹਤਰ ਹੁੰਦੀਆਂ ਹਨ। ਇਨ੍ਹਾਂ ਦੇ ਮੁਕਾਬਲੇ ਪੰਜਾਬੀ ਸਿਨਮਾ ਹਾਲੇ ਮੁੱਢਲੇ ਪੜਾਅ ਵਿਚ ਹੈ। ਇਹ ਤਕਨੀਕ, ਕਹਾਣੀ, ਵਿਸ਼ਾ ਵਸਤੂ ਪੱਖੋਂ ਵੀ ਹਾਲੇ ਕਾਫ਼ੀ ਪਿੱਛੇ ਹੈ। ਸ਼ਾਇਦ ਇਸ ਦਾ ਇਕ ਵੱਡਾ ਕਾਰਨ ਵੱਡੇ ਪੰਜਾਬੀ ਫਿਲਮਸਾਜ਼ਾਂ ਦਾ ਮੁੰਬਈ ਸਿਨੇ ਜਗਤ ਵਿਚ ਜਾ ਕੇ ਟਿਕ, ਸਥਾਪਤ ਹੋ ਜਾਣਾ ਵੀ ਹੈ। ਉੱਥੇ ਹਿੰਦੀ ਤੇ ਹਿੰਦੋਸਤਾਨੀ ਵਿਚ ਉਨ੍ਹਾਂ ਕੋਲ ਦ੍ਰਿਸ਼ ਬਹੁਤ ਵੱਡਾ ਹੈ।

ਪੰਜਾਬ ਦਾ ਇਤਿਹਾਸ ਬੜਾ ਮਾਣਮੱਤਾ ਹੈ, ਪਰ ਇਸ ਦੇ ਬਾਸ਼ਿੰਦਿਆਂ ਦੇ ਸੰਘਰਸ਼ ਦੀ ਬਾਤ ਪੰਜਾਬੀ ਸਿਨਮਾ 'ਚ ਅਜੇ ਨਹੀਂ ਹੋਣ ਲੱਗੀ। ਹਾਲੀ ਤਾਂ ਇਸ ਕੋਲ ਜੱਟ, ਹਥਿਆਰ ਤੇ ਜ਼ਮੀਨ ਜਿਹੇ ਵਿਸ਼ੇ ਹੀ ਹਨ ਜਿਨ੍ਹਾਂ ਨੂੰ ਲੈ ਕੇ ਅਜੀਬੋ .ਗਰੀਬ ਕਹਾਣੀਆਂ ਪੇਸ਼ ਕੀਤੀਆਂ ਜਾਂਦੀਆਂ ਹਨ। ਪੰਜਾਬੀ ਸਿਨਮੇ ਵਿਚ ਔਰਤਾਂ ਅਤੇ ਇਨ੍ਹਾਂ ਦੇ ਮਸਲਿਆਂ ਦੀ ਪੇਸ਼ਕਾਰੀ ਪਹਿਲਾਂ ਤਾਂ ਹੈ ਹੀ ਨਹੀਂ, ਜੇਕਰ ਹੈ ਤਾਂ ਉਹ ਰਵਾਇਤੀ ਅੰਦਾਜ਼ ਵਿਚ ਤੇ ਪਿੱਤਰਸੱਤਾ ਨੂੰ ਵਾਰਾ ਖਾਂਦੇ ਕਥਿਤ ਆਦਰਸ਼ ਦੇ ਰੂਪ 'ਚ ਹੈ। ਔਰਤਾਂ ਦੀ ਭੂਮਿਕਾ ਪੰਜਾਬੀ ਦੀਆਂ ਕੁਝ ਕੁ ਫਿਲਮਾਂ ਨੂੰ ਛੱਡ ਕੇ ਸਿਰਫ਼ 'ਸਜਾਵਟੀ' ਪੱਖ ਤੋਂ ਹੀ ਹੈ। ਔਰਤਾਂ ਦੇ ਮਸਲੇ, ਉਨ੍ਹਾਂ ਦੇ ਸੰਘਰਸ਼, ਹਾਲੇ ਪੰਜਾਬੀ ਸਿਨਮੇ 'ਚ ਨਹੀਂ ਛਿੜੇ। ਦਲਿਤ ਤੇ ਹਾਸ਼ੀਆਗਤ ਔਰਤ ਦੇ ਮਸਲੇ ਹਾਲੇ ਇਸ ਵਿਧਾ 'ਚ ਜ਼ਿਕਰਯੋਗ ਸਥਾਨ ਹਾਸਲ ਨਹੀਂ ਕਰ ਸਕੇ। ਕੁਝ ਕੁ ਫਿਲਮਾਂ ਦੇ ਹਵਾਲੇ ਨਾਲ ਪੰਜਾਬੀ ਸਿਨਮੇ 'ਚ ਹਾਸ਼ੀਆਗਤ ਔਰਤ ਦੀ ਪੇਸ਼ਕਾਰੀ ਦੀ ਚਰਚਾ ਕੀਤੀ ਜਾ ਸਕਦੀ ਹੈ।

ਹਰਪਾਲ ਟਿਵਾਣਾ ਦੀ ਫਿਲਮ 'ਲੌਂਗ ਦਾ ਲਿਸ਼ਕਾਰਾ' 1986 ਵਿਚ ਆਈ ਜਿਸ ਵਿਚ ਹਾਸ਼ੀਆਗਤ ਵਰਗ ਨਾਲ ਸਬੰਧਤ ਪ੍ਰੀਤੋ ਨਾਇਕਾ ਹੈ, ਪਰ ਉਹ ਕਿਤੇ ਵੀ ਬ.ਗਾਵਤ ਨਹੀਂ ਕਰਦੀ। ਉਸ ਦਾ ਸੁਭਾਅ ਭਾਣਾ ਮੰਨ ਲੈਣ ਵਾਲਾ ਹੈ। ਨਾਇਕ ਦੀ ਮੁਹੱਬਤ ਬਣ ਕੇ ਵੀ ਉਹ ਸਮਾਜ, ਆਲੇ-ਦੁਆਲੇ ਨਾਲ ਟੱਕਰ ਲੈਣ ਜੋਗੀ ਜੁਰੱਅਤ ਨਹੀਂ ਸਮੇਟ ਸਕਦੀ। ਫਿਲਮ ਦੀ ਕਹਾਣੀ ਮੁਤਾਬਿਕ ਸਥਿਤੀਆਂ ਹੀ ਉਸ ਨੂੰ ਉਸ ਦੀ ਮੰਜ਼ਿਲ ਤਕ ਪਹੁੰਚਾਉਂਦੀਆਂ ਹਨ, ਉਸ ਦਾ ਆਪਣਾ ਸੰਘਰਸ਼ ਜਾਂ ਇਸ ਸਬੰਧੀ ਚੇਤਨਾ ਨਦਾਰਦ ਹੈ।

